ਸ਼ਹੀਦ-ਏ-ਆਜ਼ਮ

# ਸਰਦਾਰ ਭਗਤ ਸਿੰਘ

ਦਾ

ਸੰਖੇਪ ਜੀਵਨ-ਚਿੱਤਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ
੧੯੮੪

# ਸ਼ਹੀਦ-ਏ-ਆਜ਼ਮ

# ਸ. ਭਗਤ ਸਿੰਘ ਦਾ ਸੰਖੇਪ ਜੀਵਨ-ਚਿੱਤਰ

## ਪਿਛੋਕੜ ਅਤੇ ਮਾਤਾ ਪਿਤਾ

ਸ਼ਹੀਦਾਂ ਦੇ ਸਿਰਤਾਜ ਸ. ਭਗਤ ਸਿੰਘ ਨੇ ਆਪਣੀ ਮਾਤ੍ਰ-ਭੂਮੀ ਦੇ ਪਿਆਰ ਲਈ ਅਤੇ ਦੇਸ਼-ਵਾਸੀਆਂ ਦੇ ਹਿੱਤ ਲਈ ਆਪਣੇ ਜੀਵਨ ਨੂੰ ਵਾਰ ਦਿੱਤਾ । ਉਸ ਦਾ ਜਨਮ ਪੰਜਾਬ ਦੇ ਉਸ ਇਲਾਕੇ ਵਿਚ ਹੋਇਆ ਜਿਸ ਨੂੰ ਦੁਆਬਾ ਕਿਹਾ ਜਾਂਦਾ ਹੈ ਅਤੇ ਜਿਸ ਦੇ ਸ਼ਹੀਦਾਂ ਅਤੇ ਸੰਗ੍ਰਾਮੀਆਂ ਨੇ ਆਜ਼ਾਦੀ ਦੀ ਜੋਤ ਨੂੰ ਸਦਾ ਜਗਦਾ ਰੱਖਿਆ ਹੈ । ਇਹ ਖੇਤਰ ਸਤਲੁਜ ਅਤੇ ਬਿਆਸ ਦੇ ਵਿਚਾਲੇ ਪੈਂਦਾ ਹੈ ਅਤੇ ਇਸ ਵਿਚ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲੇ ਦੇ ਜ਼ਿਲ੍ਹੇ ਸ਼ਾਮਲ ਹਨ । ਭਾਰਤ ਮਾਤਾ ਦੇ ਇਸ ਵੀਰ ਸਪੁੱਤਰ ਦਾ ਜਨਮ 1907 ਵਿਚ ਜਲੰਧਰ ਸ਼ਹਿਰ ਤੋਂ 20 ਮੀਲ ਦੀ ਵਿੱਥ ਤੇ ਵੱਸੇ ਖਟਕੜ ਕਲਾਂ ਨਾਂ ਦੇ ਪਿੰਡ ਅੰਦਰ ਸੰਧੂ ਜੱਟਾਂ ਦੇ ਘਰ ਹੋਇਆ । ਇਸ ਪਰਿਵਾਰ ਨੂੰ ਦੇਸ਼ ਪਿਆਰ ਵਿਰਸੇ ਵਿਚ ਮਿਲਿਆ ਸੀ ਅਤੇ ਦੇਸ਼ ਦੀ ਆਜ਼ਾਦੀ ਦੇ ਹਵਨ-ਕੁੰਡ ਵਿਚ ਇਸ ਨੇ ਆਪਣੀਆਂ ਤਿੰਨਾਂ ਪੀੜ੍ਹੀਆਂ ਦੀ ਆਹੂਤੀ ਦਿੱਤੀ ਸੀ ।

ਸ. ਭਗਤ ਸਿੰਘ ਦੇ ਦਾਦਾ ਸ. ਅਰਜਨ ਸਿੰਘ, ਜੋ ਆਪਣੇ ਪੋਤਰੇ ਦੀ ਸ਼ਹੀਦੀ ਤੋਂ ਦੋ ਵਰ੍ਹੇ ਬਾਅਦ ਸੰਨ 1933 ਤਕ ਜੀਉਂਦੇ ਰਹੇ, ਬੀਤੀ ਸਦੀ ਦੇ ਅੰਤਲੇ ਦਹਾਕਿਆਂ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੁੱਢਲੇ ਹਮਾਇਤੀਆਂ ਵਿਚੋਂ ਸਨ । ਹਿਕਮਤ ਅਤੇ ਖੇਤੀ ਕਰਨਾ ਉਨ੍ਹਾਂ ਦਾ ਕਿੱਤਾ ਸੀ । ਜਦੋਂ ਪੰਜਾਬ ਵਿਚ ਬਾਰਾਂ ਆਬਾਦ ਹੋਣ ਲੱਗੀਆਂ ਤਾਂ ਦੁਆਬੇ ਦੇ ਹੋਰ ਅਨੇਕਾਂ ਕਿਸਾਨ ਪਰਿਵਾਰਾਂ ਵਾਂਗ ਇਹ ਵੀ ਉੱਥੇ ਜਾ ਵੱਸੇ । ਸ. ਭਗਤ ਸਿੰਘ ਦੇ ਪਰਿਵਾਰ ਨੇ ਉਦੋਂ ਭਾਰਤ ਦੇ ਅੰਨ ਭੰਡਾਰ ਵਜੋਂ ਪ੍ਰਸਿੱਧ ਲਾਇਲਪੁਰ ਜ਼ਿਲ੍ਹੇ ਵਿਚ ਕੁਝ ਜ਼ਮੀਨ ਖਰੀਦ ਲਈ । ਉਸ ਦੇ ਪਿਤਾ ਸ. ਕਿਸ਼ਨ ਸਿੰਘ ਖੇਤੀ ਤੋਂ ਇਲਾਵਾ ਸਮਾਜ ਸੁਧਾਰ ਅਤੇ ਬੀਮੇ ਦੇ ਕੰਮਾਂ ਵਿਚ ਵੀ ਰੁਚੀ ਰਖਦੇ ਸਨ । ਉਹ ਆਪਣੇ ਭਰਾ ਸ. ਸਵਰਨ ਸਿੰਘ ਅਤੇ ਸ. ਅਜੀਤ ਸਿੰਘ ਵਾਂਗ ਇਕ ਸੁਤੰਤਰਤਾ ਸੰਗ੍ਰਾਮੀ ਸਨ । ਸ. ਕਿਸ਼ਨ ਸਿੰਘ ਨੇ ਵੀਹਵੀਂ ਸਦੀ ਦੇ ਆਰੰਭ ਵਿਚ ਗ਼ਦਰ ਲਹਿਰ ਦੀ ਖੂਬ ਸਹਾਇਤਾ ਕੀਤੀ ਅਤੇ ਪੁਲਿਸ ਦੀਆਂ ਰਿਪੋਰਟਾਂ ਅਨੁਸਾਰ ਸੰਨ 1906 ਵਿਚ ਉਨ੍ਹਾਂ ਨੇ ਕੁਝ ਹੋਰ ਸਾਥੀਆਂ ਸਹਿਤ 'ਭਾਰਤ ਮਾਤਾ' ਨਾਂ ਦੀ ਇਕ ਦੇਸ਼ ਭਗਤ ਜਥੇਬੰਦੀ ਕਾਇਮ ਕੀਤੀ । ਸੰਨ 1907 ਵਿਚ ਉਨ੍ਹਾਂ ਨੇ ਇਕ ਜੋਸ਼ੀਲੇ ਨੌਜਵਾਨ ਸ. ਕਰਤਾਰ ਸਿੰਘ ਸਰਾਭਾ ਨੂੰ ਇਕ

ਹਜ਼ਾਰ ਰੁਪਿਆ ਦਿੱਤਾ ਜੋ ਬਾਅਦ ਵਿਚ ਆਪਣੀਆਂ ਕ੍ਰਾਂਤੀਕਾਰੀ ਕਾਰਵਾਈਆਂ ਕਾਰਣ ਫਾਂਸੀ ਚਾੜ੍ਹ ਦਿੱਤਾ ਗਿਆ । ਉਨ੍ਹਾਂ ਨੇ ਗ਼ਦਰ ਪਾਰਟੀ ਦੀ ਬਹੁਤ ਸਹਾਇਤਾ ਕੀਤੀ, ਜੋ ਭਾਰਤ ਵਿਚ ਹਥਿਆਰ ਬੰਦ ਕ੍ਰਾਂਤੀ ਲਿਆਣਾ ਚਾਹੁੰਦੀ ਸੀ । ਇਨ੍ਹਾਂ ਕਾਰਵਾਈਆਂ ਕਰਕੇ ਸ. ਕਿਸ਼ਨ ਸਿੰਘ ਨੂੰ ਲਾਇਲਪੁਰ ਜ਼ਿਲ੍ਹੇ ਵਿਚ ਉਨ੍ਹਾਂ ਦੇ ਪਿੰਡ ਬੰਗਾ ਵਿਚ ਸੀਮਾ-ਬੰਦ ਕਰ ਦਿੱਤਾ ਗਿਆ । ਸੁਤੰਤਰਤਾ ਦੀ ਪ੍ਰਾਪਤੀ ਤਕ ਦੇਸ਼ ਦੀ ਆਜ਼ਾਦੀ ਦੀ ਲਹਿਰ ਲਈ ਕੀਤੀਆਂ ਕਾਰਵਾਈਆਂ ਕਾਰਣ ਉਨ੍ਹਾਂ ਉਤੇ 42 ਮੁਕੱਦਮੇ ਚਲਾਏ ਗਏ, ਦੋ ਸਾਲ ਕੈਦ ਭੋਗਣੀ ਪਈ ਅਤੇ ਦੋ ਸਾਲ ਹੋਰ ਨਜ਼ਰਬੰਦ ਰਹੇ ।

ਸਿਆਸੀ ਕੈਦੀ ਦੀ ਹੈਸੀਅਤ ਵਿਚ ਜੇਲ੍ਹ ਵਿਚ ਦਿੱਤੇ ਤਸੀਹਿਆਂ ਨਾਲ ਉਨ੍ਹਾਂ ਦੇ ਸਭ ਤੋਂ ਨਿੱਕੇ ਭਰਾ ਸ. ਸਵਰਨ ਸਿੰਘ ਦਾ ਸੰਨ 1910 ਵਿਚ ਦੇਹਾਂਤ ਹੋ ਗਿਆ । ਇਸ ਪਰਿਵਾਰ ਵਿਚ ਇਹ ਪਹਿਲੀ ਸ਼ਹਾਦਤ ਸੀ । ਸ. ਕਿਸ਼ਨ ਸਿੰਘ ਦਾ ਦੂਜਾ ਨਿੱਕਾ ਭਰਾ ਸ. ਅਜੀਤ ਸਿੰਘ ਬਹੁਤ ਜੋਸ਼ੀਲਾ ਨੌਜਵਾਨ ਸੀ, ਇਸ ਕੋਲੋਂ ਸ. ਭਗਤ ਸਿੰਘ ਨੇ ਅਧੀਰ ਕ੍ਰਾਂਤੀਕਾਰੀ ਦੀ ਭਾਵਨਾ ਗ੍ਰਹਿਣ ਕੀਤੀ । ਸੰਨ 1917 ਵਿਚ ਜਦੋਂ ਬਾਰਾਂ ਦੇ ਕਿਸਾਨਾਂ ਨੇ ਨਵੇਂ ਅਤੇ ਅਤਿ ਅਧਿਕ ਟੈਕਸਾਂ ਦੇ ਕਾਨੂੰਨ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਸ. ਅਜੀਤ ਸਿੰਘ ਨੇ ਲਾਲਾ ਲਾਜਪਤ ਰਾਇ ਨਾਲ ਮਿਲ ਕੇ ਵਿਰੋਧ ਦੀ ਇਕ ਸ਼ਕਤੀਸ਼ਾਲੀ ਲਹਿਰ ਚਲਾਉਣ ਦਾ ਪੂਰਾ ਯਤਨ ਕੀਤਾ । ਇਸ ਨਾਲ ਸਰਕਾਰ ਚੌਕਸ ਹੋ ਗਈ । ਸ. ਅਜੀਤ ਸਿੰਘ ਨੂੰ ਸਰਕਾਰ ਵੱਲੋਂ ਘੋਰ ਵਿਦ੍ਰੋਹੀ ਸਮਝਿਆ ਜਾਣ ਲੱਗ ਪਿਆ । ਉਸ ਨੇ 'ਪੇਸ਼ਵਾ' ਨਾਂ ਦੀ ਇਕ ਪਤ੍ਰਿਕਾ ਵੀ ਚਲਾਈ ਜਿਸ ਦੇ ਸੰਪਾਦਕ ਪ੍ਰਸਿੱਧ ਸੂਫ਼ੀ ਅੰਬਾ ਪ੍ਰਸਾਦ ਸਨ । ਉਸ ਨੇ ਲਾਹੌਰ, ਅੰਮ੍ਰਿਤਸਰ, ਫ਼ਿਰੋਜ਼ਪੁਰ, ਰਾਵਲਪਿੰਡੀ, ਅਤੇ ਹੋਰ ਅਨੇਕਾਂ ਸ਼ਹਿਰਾਂ ਵਿਚ ਜਲਸੇ ਕੀਤੇ ਅਤੇ ਲੋਕਾਂ ਨੂੰ ਬਗ਼ਾਵਤ ਖੜੀ ਕਰਨ ਲਈ ਸੱਦਾ ਦਿੱਤਾ । ਕਿਸਾਨਾਂ ਅਤੇ ਸੈਨਾ ਵਿਚ ਅਸੰਤੋਸ਼ ਦੀ ਭਾਵਨਾ ਪੈਦਾ ਕਰਨਾ ਇਸ ਦੇ ਲੈਕਚਰਾਂ ਦਾ ਵਿਸ਼ੇਸ਼ ਵਿਸ਼ਾ ਸੀ । ਇਸ ਦੇ ਫਲਸਰੂਪ ਸ. ਅਜੀਤ ਸਿੰਘ ਨੂੰ ਫੜ ਲਿਆ ਗਿਆ ਅਤੇ ਪਹਿਲਾਂ ਰੰਗੂਨ ਅਤੇ ਫਿਰ ਬਰ੍ਹਮਾ ਵਿਚ ਮਾਂਡਲੇ ਨਾਂ ਦੀ ਥਾਂ ਤੇ ਜਲਾਵਤਨ ਕਰ ਦਿੱਤਾ ਗਿਆ । ਉਥੋਂ ਦੋ ਮਹੀਨਿਆਂ ਬਾਅਦ ਰਿਹਾ ਹੋਣ ਤੇ ਉਹ ਭਾਰਤ ਨੂੰ ਨਾ ਪਰਤਿਆ ਅਤੇ ਈਰਾਨ ਤੁਰਕੀ ਵੱਲ ਲੁਕ ਕੇ ਖਿਸਕ ਗਿਆ । ਉਸ ਦਾ ਬਾਕੀ ਜੀਵਨ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਲਈ ਕ੍ਰਾਂਤੀਕਾਰੀ ਪ੍ਰਚਾਰ ਕਰਦਿਆਂ ਬੀਤਿਆ । ਸੰਨ 1946 ਵਿਚ ਜਦੋਂ ਪੰਡਿਤ ਨਹਿਰੂ ਦੇ ਅਧੀਨ ਅੰਤਰਿਮ ਸਰਕਾਰ ਦੀ ਸਥਾਪਨਾ ਹੋਈ ਤਾਂ ਉਸ ਨੂੰ ਭਾਰਤ ਮੁੜਨ ਦੀ ਇਜਾਜ਼ਤ ਮਿਲੀ । 15 ਅਗਸਤ, 1947 ਨੂੰ ਸੁਤੰਤਰ ਭਾਰਤ ਦੇ ਮੁਕਤ ਵਾਯੂਮੰਡਲ ਵਿਚ ਪੰਧ ਆਉਣ ਨਾਲ ਉਸ ਦੀ ਅਚਾਨਕ ਮ੍ਰਿਤੂ ਹੋ ਗਈ । ਇਹ ਸੀ ਉਹ ਪਰਿਵਾਰ ਜਿਸ ਨੇ ਆਜ਼ਾਦੀ ਲਈ ਆਪਣੇ ਆਪ ਨੂੰ ਵਾਰ ਦਿੱਤਾ, ਜਿਸ ਨੇ ਆਪਣੇ ਹਿੱਸੇ ਨਾਲੋਂ ਕਿਤੇ ਵੱਧ ਕੇ ਦੁੱਖ ਤੇ ਤਕਲੀਫ਼ਾਂ ਸਹੀਆਂ ਅਤੇ ਜਿਸ ਵਿਚ ਸਰਦਾਰ ਭਗਤ ਸਿੰਘ ਵਰਗੇ ਸਪੂਤ ਦਾ ਜਨਮ ਹੋਇਆ । ਸ. ਭਗਤ ਸਿੰਘ ਨੇ ਆਪਣੀ ਨਿਸ਼ਕਾਮ ਦੇਸ਼ ਭਗਤੀ ਅਤੇ ਅਦੁੱਤੀ ਵੀਰਤਾ ਵਿਖਾ ਕੇ ਆਪਣੇ ਪਰਿਵਾਰ ਦਾ ਹੀ ਨਹੀਂ ਸਗੋਂ ਪੰਜਾਬ ਪ੍ਰਾਂਤ ਅਤੇ ਸਾਰੇ ਦੇਸ਼ ਦਾ ਨਾਂ ਦੁਨੀਆਂ ਵਿਚ ਰੌਸ਼ਨ ਕਰ ਦਿੱਤਾ ।

## ਮੁੱਢਲਾ ਜੀਵਨ

ਸ. ਭਗਤ ਸਿੰਘ ਉਸ ਵਾਤਾਵਰਣ ਵਿਚ ਪਲਿਆ ਅਤੇ ਵੱਡਾ ਹੋਇਆ ਜੋ ਪਹਿਲੀ ਵੱਡੀ ਜੰਗ ਤੋਂ ਬਾਅਦ ਕ੍ਰਾਂਤੀਕਾਰੀ ਵਿਚਾਰਾਂ ਨਾਲ ਬਦਲ ਚੁੱਕਿਆ ਸੀ। ਸਦੀਆਂ ਦੀ ਗ਼ੁਲਾਮੀ ਤੋਂ ਬਾਦ ਗ਼ਦਰੀ ਲਹਿਰ ਅਤੇ ਮਹਾਤਮਾ ਗਾਂਧੀ ਦੁਆਰਾ ਚਲਾਏ ਨਾ ਮਿਲਵਰਤਨ ਅੰਦੋਲਨ ਨੇ ਲੋਕਾਂ ਨੂੰ ਹਲੂਣਾ ਦਿੱਤਾ, ਉਨ੍ਹਾਂ ਨੂੰ ਇਕ ਨਵਾਂ ਨਜ਼ਰੀਆ ਮਿਲਿਆ ਅਤੇ ਜੱਦੋ-ਜਹਿਦ ਕਰਨ ਦੀ ਚਾਹ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ। ਇਹ ਉਹ ਸਮਾਂ ਸੀ ਜਦੋਂ ਸਾਰੇ ਸੰਸਾਰ ਵਿਚ ਕ੍ਰਾਂਤੀਕਾਰੀ ਰੂਸ ਦੀ ਵਧਦੀ ਸ਼ਕਤੀ ਨੇ ਹਲਚਲ ਮਚਾ ਦਿੱਤੀ ਸੀ ਅਤੇ ਜਿਸ ਦਾ ਰਾਜਨੀਤਿਕ ਦ੍ਰਿਸ਼ਟੀਕੋਣ ਭਾਰਤੀ ਜਨਤਾ ਉਤੇ ਆਪਣਾ ਅਸਰ ਪਾ ਰਿਹਾ ਸੀ। ਉਦੋਂ ਸਾਰਾ ਏਸ਼ੀਆ ਇਕ ਇਕਾਈ ਦੇ ਰੂਪ ਵਿਚ ਜਥੇਬੰਦ ਹੋ ਰਿਹਾ ਸੀ। ਇਸ ਪਿਛੋਕੜ ਦੇ ਆਧਾਰ ਤੇ ਆਦਰਸ਼ਵਾਦੀ ਭਾਰਤੀ ਨੌਜਵਾਨ ਸੁਦ੍ਰਿੜ ਅੰਗਰੇਜ਼ ਰਾਜ ਨਾਲ ਟੱਕਰ ਲੈਣ ਲਈ ਸ਼ਕਤੀ ਦਾ ਸੰਗ੍ਰਹਿ ਕਰ ਰਹੇ ਸਨ। ਜਰਮਨੀ ਨੂੰ ਪਹਿਲੇ ਮਹਾਨ ਯੁੱਧ ਵਿਚ ਪੂਰੀ ਤਰ੍ਹਾਂ ਹਰਾ ਦੇਣ ਤੋਂ ਬਾਅਦ ਅੰਗਰੇਜ਼ ਸਰਕਾਰ ਦੀ ਸਾਮਰਾਜੀ ਹੈਂਕੜ ਆਪਣੇ ਸਿਖਰ ਉਤੇ ਪਹੁੰਚ ਚੁੱਕੀ ਸੀ। ਭਾਰਤ ਦੀ ਆਜ਼ਾਦੀ ਦੀ ਆਸ ਉਤੇ ਰੋਲਟ ਐਕਟ, ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਅਤੇ ਇਸ ਤਰ੍ਹਾਂ ਦੀਆਂ ਹੋਰ ਘਟਨਾਵਾਂ ਰਾਹੀਂ ਪਾਣੀ ਫੇਰ ਦਿੱਤਾ। ਭਾਰਤ ਵਾਸੀਆਂ ਉੱਤੇ ਥਾਂ ਥਾਂ ਜ਼ੁਲਮ ਦਾ ਕਹਿਰ ਟੁੱਟ ਪਿਆ। ਅਜਿਹੀ ਅਵਸਥਾ ਵਿਚ ਭਾਰਤ ਉਤੋਂ ਵਿਦੇਸ਼ੀ ਹਕੂਮਤ ਨੂੰ ਖ਼ਤਮ ਕਰਨ ਲਈ ਦੋ ਤਰ੍ਹਾਂ ਦੀ ਰਾਜਨੀਤਿਕ ਕਾਰਵਾਈ ਚੱਲ ਰਹੀ ਸੀ। ਇਨ੍ਹਾਂ ਵਿਚੋਂ ਇਕ ਸੀ ਹਥਿਆਰਬੰਦ ਕ੍ਰਾਂਤੀ ਜੋ ਪਿਛਲੇ ਕਈਆਂ ਵਰ੍ਹਿਆਂ ਤੋਂ ਆਪਣੀ ਹੋਂਦ ਜਤਾ ਚੁੱਕੀ ਸੀ ਅਤੇ ਹੁਣ ਸੁਪੰਸ ਹੋ ਚੁੱਕੀ ਸੀ ਅਤੇ ਦੂਜੀ ਸੀ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਅਤੇ ਅਹਿੰਸਾਵਾਦੀ ਲਹਿਰ। ਉਸ ਵੇਲੇ ਮਹਾਤਮਾ ਗਾਂਧੀ ਦੇ ਵਿਚਾਰਾਂ ਨੇ ਲੋਕਾਂ ਦੇ ਮਨਾਂ ਵਿਚ ਆਜ਼ਾਦੀ ਪ੍ਰਾਪਤ ਕਰਨ ਦੀਆਂ ਉਮੀਦਾਂ ਭਰ ਦਿੱਤੀਆਂ ਅਤੇ ਲੋਕਾਂ ਨੇ ਗਾਂਧੀ ਜੀ ਪ੍ਰਤਿ ਇਤਨਾ ਵਿਸ਼ਵਾਸ ਪ੍ਰਗਟ ਕੀਤਾ ਕਿ ਕ੍ਰਾਂਤੀਕਾਰੀ ਅੰਦੋਲਨ ਦੱਬ ਗਿਆ ਤੇ ਉਸ ਦੀਆਂ ਨਾਂ-ਮਾਤਰ ਕਾਰਵਾਈਆਂ ਹੀ ਰਹਿ ਗਈਆਂ। ਇਥੋਂ ਤਕ ਕਿ ਇਸ ਵਿਚਾਰਧਾਰਾ ਦੇ ਪੱਕੇ ਸਮਰਥਕਾਂ ਨੇ ਵੀ ਕੁਝ ਸਮੇਂ ਲਈ ਉਡੀਕਣਾ ਪ੍ਰਵਾਨ ਕਰ ਲਿਆ ਅਤੇ ਅਹਿੰਸਾਵਾਦੀ ਲਹਿਰ ਦੇ ਵਿਕਾਸ ਵਿਚ ਆਪਣਾ ਹੱਥ ਵਟਾਇਆ।

ਜਦੋਂ ਨਾ-ਮਿਲਵਰਤਨ ਲਹਿਰ ਚਲਾਈ ਗਈ, ਉਦੋਂ ਸ. ਭਗਤ ਸਿੰਘ ਲਾਹੌਰ ਵਿਚ ਪੜ੍ਹਦਾ ਸੀ। ਇਸ ਲਹਿਰ ਦਾ ਇਕ ਉਦੇਸ਼ ਇਹ ਵੀ ਸੀ ਕਿ ਸਰਕਾਰੀ ਵਿਦਿਅਕ ਸੰਸਥਾਵਾਂ ਦਾ ਬਾਈਕਾਟ ਕੀਤਾ ਜਾਵੇ। ਹਜ਼ਾਰਾਂ ਦੇਸ਼ ਭਗਤ ਨੌਜਵਾਨਾਂ ਨੇ ਆਪਣੀਆਂ ਪੜ੍ਹਾਈਆਂ ਛੱਡ ਦਿੱਤੀਆਂ। ਸੁਤੰਤਰਤਾ ਸੰਗ੍ਰਾਮੀਆਂ ਨੇ ਭਾਰਤੀ ਨੌਜਵਾਨਾਂ ਲਈ ਨਵੇਂ ਸਕੂਲ ਅਤੇ ਕਾਲਜ ਸਥਾਪਿਤ ਕੀਤੇ। ਅਜਿਹੀਆਂ ਸੰਸਥਾਵਾਂ ਵਿਚੋਂ ਇਕ ਸੀ ਲਾਹੌਰ ਦਾ ਨੈਸ਼ਨਲ ਕਾਲਜ ਜੋ ਨੈਸ਼ਨਲ ਵਿਦਿਆਪੀਠ ਨਾਲ ਸੰਬੰਧਿਤ ਸੀ। ਸ. ਭਗਤ ਸਿੰਘ ਉਨ੍ਹਾਂ ਨੌਜਵਾਨਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਆਪਣੀ ਪੜ੍ਹਾਈ ਛੱਡ ਕੇ ਨੈਸ਼ਨਲ ਕਾਲਜ ਵਿਚ ਦਾਖ਼ਲਾ ਲਿਆ। ਉਸ ਦੀ ਪੜ੍ਹਾਈ ਦੇ ਵਿਵਰਣ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ

ਬਹੁਤ ਹੁਸ਼ਿਆਰ ਅਤੇ ਮਿਹਨਤੀ ਵਿਦਿਆਰਥੀ ਸੀ । ਅੰਗਰੇਜ਼ੀ ਅਤੇ ਸੰਸਕ੍ਰਿਤ ਤੋਂ ਇਲਾਵਾ, ਉਸ ਦੀ ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਵਿਚ ਉਚੇਰੀ ਰੁਚੀ ਸੀ । ਰਾਜਨੀਤੀ ਦੇ ਖੇਤਰ ਵਿਚਲੇ ਨਵੇਂ ਸਿਧਾਂਤ ਨੇ ਬਾਕੀ ਗੁਲਾਮ ਦੇਸ਼ਾਂ ਦੇ ਨੌਜਵਾਨਾਂ ਵਾਂਗ ਉਸ ਦੇ ਮਨ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਉਹ ਬਿਲਕੁਲ ਕੀਲਿਆ ਗਿਆ । ਬਾਅਦ ਵਿਚ, ਕਾਨ੍ਹਪੁਰ ਦੇ ਪ੍ਰਸਿੱਧ ਨੇਤਾ ਸ੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਨੇ ਉਸ ਨੂੰ ਉਥੋਂ ਦੇ ਨੈਸ਼ਨਲ ਹਾਈ ਸਕੂਲ ਦਾ ਹੈੱਡ ਮਾਸਟਰ ਨਿਯੁਕਤ ਕੀਤਾ । ਸ. ਭਗਤ ਸਿੰਘ ਨੇ ਇਸ ਅਹੁਦੇ ਦੀ ਜ਼ਿੰਮੇਵਾਰੀ ਬੜੇ ਸੁਚੱਜੇ ਢੰਗ ਨਾਲ ਨਿਭਾਈ ।

ਬਚਪਨ ਵਾਂਗ ਇਸ ਨੇ ਆਪਣੀ ਜਵਾਨੀ ਵਿਚ ਵੀ ਅਜਿਹੀਆਂ ਅਨੇਕਾਂ ਕਾਰਵਾਈਆਂ ਕੀਤੀਆਂ ਜਿਨ੍ਹਾਂ ਤੋਂ ਇਹ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਨੇ ਆਪਣੇ ਨਿੱਜੀ ਹਿੱਤਾਂ ਤੋਂ ਰਾਸ਼ਟਰੀ ਹਿੱਤਾਂ ਨੂੰ ਤਰਜੀਹ ਦਿੱਤੀ । ਉਸ ਦੇ ਪਿਤਾ ਦੇ ਇਕ ਨਿੱਘੇ ਮਿੱਤਰ ਮਹਿਤਾ ਅਨੰਦ ਕਿਸ਼ੋਰ ਅਨੁਸਾਰ ਬਚਪਨ ਵੇਲੇ ਹੀ ਸ. ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਦੇ ਵਿਚਾਰ ਪ੍ਰਤਿ ਦਿਲਚਸਪੀ ਵਿਖਾਣੀ ਸ਼ੁਰੂ ਕਰ ਦਿੱਤੀ ਸੀ । ਸਤਾਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਘਰ ਵਾਲਿਆਂ ਨੇ ਉਸ ਨੂੰ ਵਿਆਹ ਕਰਨ ਲਈ ਮਜਬੂਰ ਕੀਤਾ । ਉਨ੍ਹਾਂ ਦਿਨਾਂ ਵਿਚ ਵਿਆਹ ਛੋਟੀ ਉਮਰੇ ਕਰ ਦਿੱਤੇ ਜਾਂਦੇ ਸਨ । ਪਰ ਇਸ ਨੇ ਦ੍ਰਿੜ੍ਹਤਾ ਪੂਰਵਕ ਇਸ ਸੁਝਾਅ ਨੂੰ ਠੁਕਰਾ ਦਿੱਤਾ । ਇਸ ਬਾਰੇ ਉਸ ਨੇ ਆਪਣੇ ਪਿਤਾ ਨੂੰ ਪੰਜਾਬੀ ਵਿਚ ਇਕ ਚਿੱਠੀ ਲਿਖੀ ਜਿਸ ਦਾ ਭਾਵ ਇਸ ਪ੍ਰਕਾਰ ਹੈ :

> "ਇਹ ਵਿਆਹ ਦੀ ਘੜੀ ਨਹੀਂ । ਦੇਸ਼ ਮੈਨੂੰ ਵਾਜਾਂ ਮਾਰ ਰਿਹਾ ਹੈ । ਦੇਸ਼ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦਾ ਮੈਂ ਪ੍ਰਣ ਲਿਆ ਹੈ । ਨਾਲੇ, ਇਹ ਮੇਰੇ ਲਈ ਕੋਈ ਨਵੀਂ ਗੱਲ ਨਹੀਂ । ਸਾਡੇ ਸਾਰੇ ਖ਼ਾਨਦਾਨ ਵਿਚ ਦੇਸ਼ ਭਗਤੀ ਦੀ ਭਾਵਨਾ ਡੁਲ੍ਹ, ਡੁਲ੍ਹ ਪੈਂਦੀ ਹੈ । ਸੰਨ 1910 ਵਿਚ ਮੇਰੇ ਜਨਮ ਤੋਂ ਦੋ ਤਿੰਨ ਵਰ੍ਹੇ ਬਾਅਦ ਚਾਚਾ ਸਵਰਨ ਸਿੰਘ ਜੇਲ੍ਹ ਵਿਚ ਸੁਰਗਵਾਸ ਹੋ ਗਿਆ । ਚਾਚਾ ਅਜੀਤ ਸਿੰਘ ਵਿਦੇਸ਼ਾਂ ਵਿਚ ਜਲਾਵਤਨੀ ਦਾ ਜੀਵਨ ਜੀਅ ਰਿਹਾ ਹੈ । ਤੁਸੀਂ ਵੀ ਜੇਲ੍ਹਾਂ ਵਿਚ ਬੜੇ ਜਫ਼ਰ ਜਾਲੇ ਹਨ । ਮੈਂ ਤੁਹਾਡੇ ਹੀ ਨਕਸ਼ੇ-ਕਦਮ ਤੇ ਚਲ ਰਿਹਾ ਹਾਂ, ਅਤੇ ਇਸ ਲਈ ਵਿਆਹ ਦਾ ਸੁਝਾਅ ਨਾ ਪ੍ਰਵਾਨ ਕਰਨ ਦੀ ਗੁਸਤਾਖ਼ੀ ਕਰ ਰਿਹਾ ਹਾਂ । ਕ੍ਰਿਪਾ ਕਰਕੇ ਤੁਸੀਂ ਮੈਨੂੰ ਵਿਆਹ ਦੇ ਬੰਧਨਾਂ ਵਿਚ ਨਾ ਬੰਨ੍ਹੋ ਅਤੇ ਵਰ ਦਿਓ ਕਿ ਮੈਂ ਆਪਣੇ ਫ਼ਰਜ਼ ਨੂੰ ਚੰਗੀ ਤਰ੍ਹਾਂ ਨਾਲ ਨਿਭਾਣ ਵਿਚ ਕਾਮਯਾਬ ਹੋਵਾਂ ।"

ਵਿਆਹ ਲਈ ਫਿਰ ਜ਼ੋਰ ਦੇਣ ਬਾਰੇ ਉਸ ਨੇ ਆਪਣੇ ਪਿਤਾ ਦੀ ਦੂਜੀ ਚਿੱਠੀ ਦਾ ਉੱਤਰ ਹੋਰ ਵੀ ਦ੍ਰਿੜ੍ਹਤਾ ਨਾਲ ਦਿੱਤਾ । ਜਦੋਂ ਉਹ ਪੰਜਾਬ ਛੱਡ ਕੇ ਕਾਨ੍ਹਪੁਰ ਨੂੰ ਤੁਰਿਆ ਤਾਂ ਆਪਣੇ ਮਿੱਤਰਾਂ ਨੂੰ ਉਸ ਨੇ ਕਿਹਾ :

> "ਮਿੱਤਰੋ, ਮੈਂ ਅੱਜ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਜੇ ਮੇਰਾ ਵਿਆਹ ਗੁਲਾਮ ਭਾਰਤ ਵਿਚ ਹੋਇਆ, ਤਾਂ ਉਹ ਨਿਸ਼ਚੇ ਹੀ ਮੌਤ ਦੀ ਲਾੜੀ ਨਾਲ ਹੋਵੇਗਾ । ਮੇਰੀ ਬਰਾਤ ਮੰਜ਼ਲ ਦੇ ਇਕ ਸੋਗੀ ਜਲੂਸ ਦੇ ਰੂਪ ਵਿਚ ਚੜ੍ਹੇਗੀ

ਅਤੇ ਦੇਸ਼ ਦੇ ਸ਼ਹੀਦ ਉਸ ਵਿਚ ਬਰਾਤੀ ਹੋਣਗੇ ।"

ਕਾਨ੍ਹਪੁਰ ਵਿਚ ਸ. ਭਗਤ ਸਿੰਘ, ਸ੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਦੇ ਅਨੁਸ਼ਾਸਨ ਵਿਚ ਰਿਹਾ । ਵਿਦਿਆਰਥੀ ਜੀ ਨੇ ਉਸ ਦਾ ਮਨ ਕੁਰਬਾਨੀ ਦੀ ਭਾਵਨਾ ਨਾਲ ਭਰ ਦਿੱਤਾ ਅਤੇ ਇਸ ਦੇ ਮਨ ਵਿਚੋਂ ਡਰ ਦੇ ਉਹ ਸਾਰੇ ਸ਼ੰਕੇ ਮਿਟਾ ਦਿੱਤੇ ਜੋ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਉਸ ਨੂੰ ਆਪਣੇ ਉਦੇਸ਼ ਦੇ ਮਾਰਗ ਤੋਂ ਭਟਕਾ ਸਕਦੇ ਸਨ । ਕੁਝ ਸਮੇਂ ਲਈ ਉਸ ਨੇ ਪ੍ਰੈਸ ਵਿਚ ਨਿੱਕੇ ਮੋਟੇ ਕੰਮ ਵੀ ਕੀਤੇ । ਉਦੋਂ ਵੀ ਉਸ ਨੇ ਜੋਸ਼ੀਲੇ ਨੌਜਵਾਨਾਂ ਨਾਲ ਤਾਲ ਮੇਲ ਕਾਇਮ ਕੀਤੀ ਰਖਿਆ ਜੋ ਬਾਅਦ ਵਿਚ ਉੱਘੇ ਕ੍ਰਾਂਤੀਕਾਰੀ ਵਜੋਂ ਪ੍ਰਸਿੱਧ ਹੋਏ । ਉਨ੍ਹਾਂ ਵਿਚੋਂ ਕੁਝ ਕੁ ਇਹ ਹਨ—ਬਟੁਕੇਸ਼ਵਰ ਦੱਤ, ਚੰਦਰ ਸ਼ੇਖਰ 'ਆਜ਼ਾਦ', ਜਗਦੀਸ਼ ਚੰਦਰ ਚੈਟਰਜੀ ਅਤੇ ਬਿਜੈ ਕੁਮਾਰ ਸਿਨ੍ਹਾ । ਇਹ ਸਾਰੇ ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ ਨਾਲ ਸੰਬੰਧ ਰਖਦੇ ਸਨ । ਭਗਤ ਸਿੰਘ ਵੀ ਇਸ ਪਾਰਟੀ ਵਿਚ ਸ਼ਾਮਲ ਹੋ ਗਿਆ । ਨਿਡਰ ਸੁਤੰਤਰਤਾ ਸੰਗ੍ਰਾਮੀਆਂ ਦੀ ਇਹ ਪਾਰਟੀ ਬਾਅਦ ਵਿਚ ਹਿੰਦੁਸਤਾਨ ਰਿਪਬਲੀਕਨ ਆਰਮੀ ਬਣੀ, ਜਿਸ ਦੀਆਂ ਅਦੁੱਤੀ ਘਾਲਾਂ ਨੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਦੇ ਇਤਿਹਾਸ ਵਿਚ ਇਕ ਸੁਨਹਿਰੀ ਅਧਿਆਇ ਲਿਖ ਕੇ ਸ਼ਾਮਲ ਕੀਤਾ ।

ਉਪਰੋਕਤ ਪਾਰਟੀ ਦਾ ਇਹ ਮਨੋਰਥ ਸੀ ਕਿ ਵਿਵਸਥਿਤ ਅਤੇ ਹਥਿਆਰਬੰਦ ਕ੍ਰਾਂਤੀ ਰਾਹੀਂ ਭਾਰਤ ਦੇ ਸਾਰੇ ਪ੍ਰਾਂਤਾਂ ਵਿਚ ਪ੍ਰਜਾਤੰਤਰ ਸੰਘ ਦੀ ਸਥਾਪਨਾ ਕੀਤੀ ਜਾਵੇ । ਇਸ ਪਾਰਟੀ ਦੇ ਨਿਯਮਾਂ ਵਿਚ ਇਹ ਵੀ ਲਿਖਿਆ ਗਿਆ ਕਿ ਉਸ ਪ੍ਰਜਾਤੰਤਰ ਦੇ ਸੰਵਿਧਾਨ ਨੂੰ ਅੰਤਿਮ ਰੂਪ ਲੋਕਾਂ ਦੇ ਉਹ ਪ੍ਰਤਿਨਿਧੀ ਦੇਣ ਜੋ ਅਜਿਹੇ ਪ੍ਰਜਾਤੰਤਰ ਦੀ ਸਥਾਪਨਾ ਤੋਂ ਬਾਅਦ ਚੁਣੇ ਜਾਣ ਅਤੇ ਜਦੋਂ ਉਹ ਆਪਣੇ ਫੈਸਲੇ ਕਰਕੇ ਉਨ੍ਹਾਂ ਨੂੰ ਲਾਗੂ ਕਰਨ ਦੀ ਹੈਸੀਅਤ ਵਿਚ ਹੋਣ ।

ਉਸ ਪ੍ਰਜਾਤੰਤਰ ਦਾ ਇਹ ਬੁਨਿਆਦੀ ਨਿਯਮ ਹੋਵੇਗਾ ਕਿ ਹਰ ਬਾਲਗ ਨੂੰ ਮੱਤਦਾਨ ਦੇਣ ਦਾ ਅਧਿਕਾਰ ਹੋਵੇ ਅਤੇ ਹਰ ਤਰ੍ਹਾਂ ਉਹ ਪਰੰਪਰਾਵਾਂ ਖ਼ਤਮ ਕੀਤੀਆਂ ਜਾਣ ਜਿਨ੍ਹਾਂ ਰਾਹੀਂ ਇਕ ਆਦਮੀ ਦੂਜੇ ਆਦਮੀ ਦਾ ਸ਼ੋਸ਼ਣ ਕਰੇ ।

ਇਸ ਦੌਰਾਨ ਭਗਤ ਸਿੰਘ ਨੇ ਲੋਕਾਂ ਵਿਚ ਵੰਡਣ ਲਈ ਕ੍ਰਾਂਤੀਕਾਰੀ ਸਾਹਿਤ ਦੀ ਰਚਨਾ ਕੀਤੀ । ਆਪਣੇ ਵਿਚਾਰਾਂ ਨੂੰ ਪ੍ਰਚਾਰਨ ਲਈ ਉਸ ਨੇ ਕੁਝ ਕੁ ਪ੍ਰਸਿੱਧ ਮੇਲਿਆਂ ਨੂੰ ਚੁਣਿਆ, ਕਿਉਂਕਿ ਉਥੇ ਅਜਿਹੇ ਕੰਮਾਂ ਲਈ ਸਹਿਜੇ ਹੀ ਸਰੋਤੇ ਮਿਲ ਸਕਦੇ ਸਨ । ਉੱਤਰ ਪ੍ਰਦੇਸ਼ ਦੇ ਪ੍ਰਤਾਪ ਗੜ੍ਹ ਨਾਂ ਦੇ ਨਗਰ ਵਿਚ ਅਜਿਹੇ ਇਕ ਇਕੱਠ ਅੰਦਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਕ੍ਰਾਂਤੀਕਾਰੀ ਸਿੱਧਾਂਤਾਂ ਵਾਲੇ ਇਸ਼ਤਿਹਾਰ ਵੰਡਣੇ ਸ਼ੁਰੂ ਕੀਤੇ । ਇਹ ਵੇਖ ਕੇ ਪੁਲਿਸ ਨੇ ਉਨ੍ਹਾਂ ਤੋਂ ਇਸ਼ਤਿਹਾਰ ਖੋਹਣ ਦਾ ਯਤਨ ਕੀਤਾ । ਪਰ ਭਗਤ ਸਿੰਘ ਨੇ ਉਸ ਵੇਲੇ ਬੜੀ ਹੁਸ਼ਿਆਰੀ ਨਾਲ ਹੌਸਲਾ ਵਿਖਾਇਆ ਅਤੇ ਸਾਰੇ ਸਾਥੀ ਭੀੜ ਵਿਚ ਗੁੰਮ ਹੋ ਗਏ । ਪਿੱਛਾ ਕਰਨ ਵਾਲਿਆਂ ਨੂੰ ਉਸ ਨੇ ਪਿਸਤੌਲ ਦੀਆਂ ਕੁਝ ਕੁ ਗੋਲੀਆਂ ਦਾਗ ਕੇ ਭਜਾ ਦਿੱਤਾ ।

ਸੰਨ 1925 ਵਿਚ ਉਹ ਪੰਜਾਬ ਪਰਤਿਆ ਅਤੇ ਬਦਲੇ ਹੋਏ ਵਾਤਾਵਰਣ ਵਿਚ

ਆਪਣੀਆਂ ਕਾਰਵਾਈਆਂ ਜਾਰੀ ਰਖੀਆਂ ।

ਇਸ ਸਮੇਂ ਸਿੱਖਾਂ ਦਾ, ਕਈਆਂ ਧਾਰਮਿਕ ਸਮੱਸਿਆਵਾਂ ਦੇ ਸੰਬੰਧ ਵਿਚ, ਸਰਕਾਰ ਨਾਲ ਬੜਾ ਗੰਭੀਰ ਸੰਘਰਸ਼ ਚਲ ਰਿਹਾ ਸੀ । ਪਰ ਰਾਸ਼ਟਰੀ ਪੱਖ ਤੋਂ ਵੀ ਇਹ ਮਸਲੇ ਵਿਸ਼ੇਸ਼ ਮਹੱਤਤਾ ਵਾਲੇ ਸਨ । ਸਿੱਖ ਜਨਤਾ ਵਿਚ ਰਾਸ਼ਟਰੀ ਭਾਵਨਾ ਉਭਰਦੀ ਆ ਰਹੀ ਸੀ । ਭਗਤ ਸਿੰਘ ਨੇ ਸਰਕਾਰ ਵਲੋਂ ਲਾਈਆਂ ਗਈਆਂ ਪਾਬੰਦੀਆਂ ਦੀ ਉਲੰਘਣਾ ਕਰਕੇ ਜੈਤੋ ਨੂੰ ਜਾ ਰਹੇ ਸਿੱਖ ਜੱਥੇ ਦਾ ਸੁਆਗਤ ਕੀਤਾ । ਯਾਦ ਹੋਵੇਗਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਵੀ ਇਸ ਸੰਘਰਸ਼ ਵਿਚ ਸ਼ਾਮਲ ਹੋਏ ਸਨ ਤੇ ਉਹ ਨਾਭੇ ਵਿਚ ਗ੍ਰਿਫ਼ਤਾਰ ਕੀਤੇ ਗਏ ਸਨ । ਭਗਤ ਸਿੰਘ ਗ੍ਰਿਫ਼ਤਾਰ ਨਾ ਕੀਤਾ ਜਾ ਸਕਿਆ, ਕਿਉਂਕਿ ਉਹ ਪੁਲਿਸ ਦੇ ਪੁੱਜਣ ਤੋਂ ਪਹਿਲਾਂ ਹੀ ਲੋਪ ਹੋ ਗਿਆ ।

ਲਾਹੌਰ ਵਿਚ ਭਗਤ ਸਿੰਘ ਦੂਜੇ ਇਨਕਲਾਬੀਆਂ ਨੂੰ ਜਾ ਮਿਲਿਆ, ਜਿਨ੍ਹਾਂ ਨੇ 'ਕਿਰਤੀ-ਕਿਸਾਨ ਪਾਰਟੀ' ਦੀ ਸਥਾਪਨਾ ਕੀਤੀ ਸੀ । ਉਸ ਨੇ ਚੰਦਾ ਇਕੱਠਾ ਕੀਤਾ ਤੇ ਪਾਰਟੀ ਦੇ ਆਦਰਸ਼ਾਂ ਦੇ ਪ੍ਰਚਾਰ ਲਈ ਲੇਖ ਲਿਖੇ । ਉਨ੍ਹਾਂ 'ਨੌਜਵਾਨ ਭਾਰਤ ਸਭਾ' ਨਾਮ ਦੀ ਇਕ ਹੋਰ ਸੰਸਥਾ ਵੀ ਚਾਲੂ ਕੀਤੀ । ਆਪਣੇ ਆਦਰਸ਼ਾਂ ਸੰਬੰਧੀ ਜਨ-ਮੱਤ ਪੈਦਾ ਕਰਨ ਤੋਂ ਇਲਾਵਾ ਇਸ ਸਭਾ ਨੇ ਹੇਠ ਲਿਖੇ ਟੀਚੇ ਸਪੱਸ਼ਟ ਰੂਪ ਵਿਚ ਅਪਣਾਏ :

> ਸੁਦੇਸ਼ੀ ਮਾਲ ਲਈ ਰੁਚੀ ਉਤਪੰਨ ਕਰਨਾ, ਭਰਾਤਰੀ ਭਾਵ ਦਾ ਇਹਸਾਸ ਜਗਾਉਣਾ, ਸਾਦਾ ਰਹਿਣੀ, ਸਰੀਰਕ ਸੁਸਥਤਾ ਅਤੇ ਭਾਰਤੀ ਭਾਸ਼ਾਵਾਂ ਤੇ ਭਾਰਤੀ ਸਭਿਅਤਾ ਲਈ ਸਨੇਹ ਉਪਜਾਉਣਾ । ਇਸ ਸੰਸਥਾ ਦਾ ਮੈਂਬਰ ਬਣਨ ਤੋਂ ਪਹਿਲਾਂ ਹਰ ਵਿਅਕਤੀ ਨੂੰ ਇਕ ਪ੍ਰਤਿਗਿਆ ਪੱਤਰ ਉੱਤੇ ਦਸਤਖ਼ਤ ਕਰਨੇ ਪੈਂਦੇ ਸਨ ਕਿ ਮੈਂ ਦੇਸ਼ ਦੇ ਹਿੱਤਾਂ ਨੂੰ ਆਪਣੀ ਜਾਤੀ ਦੇ ਹਿੱਤਾਂ ਨਾਲੋਂ ਉਚੇਰੇ ਰਖਾਂਗਾ । ਭਾਰਤੀ ਕਿਰਤੀਆਂ ਤੇ ਕਿਸਾਨਾਂ ਦਾ ਇਕ ਪੂਰਨ ਰੂਪ ਵਿਚ ਸੁਤੰਤਰ ਲੋਕ ਰਾਜ ਸਥਾਪਿਤ ਕਰਨਾ ਵੀ ਇਸ ਸੰਸਥਾ ਦਾ ਟੀਚਾ ਸੀ ।
>
> ਦੇਸ਼ ਵਿਚ ਰਾਸ਼ਟਰੀ ਏਕਤਾ ਉਪਜਾਉਣ ਲਈ ਨੌਜਵਾਨਾਂ ਦੇ ਦਿਲਾਂ ਵਿਚ ਦੇਸ਼ ਪਿਆਰ ਦੀ ਭਾਵਨਾ ਉਜਾਗਰ ਕਰਨਾ । ਉਨ੍ਹਾਂ ਆਰਥਿਕ, ਉਦਯੋਗਿਕ ਤੇ ਸਮਾਜਿਕ ਅੰਦੋਲਨਾਂ ਦਾ ਪੱਖ ਪਾਲਣਾ ਤੇ ਸਹਾਇਤਾ ਕਰਨਾ ਜਿਹੜੇ ਫ਼ਿਰਕੂ ਜਜ਼ਬਿਆਂ ਤੋਂ ਪਾਕ ਹੋਣ ਅਤੇ ਕਿਰਤੀਆਂ ਤੇ ਕਿਸਾਨਾਂ ਦਾ ਸੁਤੰਤਰ ਲੋਕਤੰਤਰ ਕਾਇਮ ਕਰਨ ਦੇ ਟੀਚੇ ਤੇ ਪੁੱਜਣ ਲਈ ਸਹਾਇਕ ਹੋਣ । ਕਿਰਤੀਆਂ ਤੇ ਕਿਸਾਨਾਂ ਨੂੰ ਜੱਥੇਬੰਦ ਕਰਨਾ ।

ਉਪਰੋਕਤ ਆਦਰਸ਼ਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਭਾ ਦੇ ਟੀਚੇ ਸਮਾਜਵਾਦੀ ਸਨ । ਸਾਡੇ ਦੇਸ਼ ਵਿਚ ਸਮਾਜਵਾਦ ਦੇ ਸਿੱਧਾਂਤਾਂ ਦੇ ਆਰੰਭਿਕ ਪ੍ਰਗਟਾਵਿਆਂ ਵਿਚੋਂ ਇਸ ਸਭਾ ਦੇ ਆਦਰਸ਼ਾਂ ਦੀ ਵਿਸ਼ੇਸ਼ ਥਾਂ ਹੈ ।

ਸਭਾ ਨੇ ਵਿਦਿਆਰਥੀਆਂ ਨੂੰ ਵੀ ਜੱਥੇਬੰਦ ਕੀਤਾ । ਭਗਤ ਸਿੰਘ ਦੀ ਅਗਵਾਈ ਹੇਠ ਬ੍ਰੈਡਲੇ ਹਾਲ, ਲਾਹੌਰ ਵਿਚ ਸ਼ਹੀਦ-ਦਿਵਸ ਮਨਾਇਆ ਗਿਆ । ਇਸ ਵਿਚ ਉਨ੍ਹਾਂ

ਇਨਕਲਾਬੀਆਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਗਈ ਜਿਹੜੇ ਕੱਕਰੀ ਡਾਕਾ ਕੇਸ ਵਿਚ ਫਾਂਸੀ ਚੜ੍ਹਾਏ ਗਏ ਸਨ। ਇਨਕਲਾਬੀਆਂ ਦੇ ਸਾਕੇ ਬੜੇ ਦਰਦ ਭਰੇ ਸ਼ਬਦਾਂ ਵਿਚ ਸੁਣਾਏ ਗਏ। ਪ੍ਰਸਿੱਧ ਸ਼ਹੀਦਾਂ ਤੇ ਇਨਕਲਾਬੀਆਂ ਦੀਆਂ ਫੋਟੋ ਪ੍ਰਦਰਸ਼ਿਤ ਕੀਤੀਆਂ ਗਈਆਂ। ਲੋਕਾਂ ਨੂੰ ਆਉਣ ਵਾਲੇ ਸੰਘਰਸ਼ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਗਈ।

ਅਕਤੂਬਰ 1927 ਵਿਚ ਦੁਸਹਿਰੇ ਦੇ ਜਲੂਸ ਉਤੇ ਇਕ ਬੰਬ ਸੁੱਟਿਆ ਗਿਆ। ਸੰਭਵ ਹੈ ਕਿ ਇਹ ਸਰਕਾਰ ਦੇ ਕਿਸੇ ਏਜੰਟ ਦੀ ਕਰਤੂਤ ਹੋਵੇ। ਪਰ ਝੂਠ-ਮੂਠ ਹੀ ਇਸ ਕੇਸ ਵਿਚ ਭਗਤ ਸਿੰਘ ਨੂੰ ਫਸਾ ਲਿਆ ਗਿਆ। ਪਰ ਕਿਉਂਕਿ ਭਗਤ ਸਿੰਘ ਦੇ ਵਿਰੁੱਧ ਕੋਈ ਸਬੂਤ ਨਹੀਂ ਸੀ, ਇਸ ਲਈ ਇਸ ਮੁਕੱਦਮੇ ਵਿਚ ਉਸ ਨੂੰ ਕੋਈ ਸਜ਼ਾ ਨਾ ਦਿੱਤੀ ਗਈ। ਭਗਤ ਸਿੰਘ ਦੇ ਪਿਤਾ ਨੇ ਉਸ ਨੂੰ ਡੇਅਰੀ ਦੇ ਕੰਮ ਵਿਚ ਲਾਉਣਾ ਚਾਹਿਆ, ਪਰ ਭਗਤ ਸਿੰਘ ਨੂੰ ਅਜਿਹੇ ਕੰਮਾਂ ਵਿਚ ਕੋਈ ਦਿਲਚਸਪੀ ਨਹੀਂ ਸੀ, ਸੋ ਡੇਅਰੀ ਛੇਤੀ ਹੀ ਬੰਦ ਹੋ ਗਈ।

1928 ਵਿਚ ਸਾਈਮਨ ਕਮਿਸ਼ਨ ਦੇ ਆਉਣ ਸਮੇਂ ਰਾਸ਼ਟਰੀ ਕਾਰਵਾਈਆਂ ਵੀ ਤੇਜ਼ ਹੋ ਗਈਆਂ। ਜੁਲਾਈ 1928 ਵਿਚ ਦਿੱਲੀ ਨੇੜੇ, ਕੋਟਲਾ ਫਿਰੋਜ਼ਸ਼ਾਹ ਵਿਚ ਇਨਕਲਾਬੀ ਗਰੁੱਪ ਦੀ ਮੀਟਿੰਗ ਹੋਈ। ਭਗਤ ਸਿੰਘ ਵੀ ਇਸ ਗਰੁੱਪ ਦਾ ਮੈਂਬਰ ਸੀ। ਉੱਤਰ ਪ੍ਰਦੇਸ਼, ਪੰਜਾਬ, ਰਾਜਪੂਤਾਨਾ, ਬਿਹਾਰ, ਬੰਗਾਲ ਦੇ ਕ੍ਰਾਂਤੀਕਾਰੀ ਇਸ ਵਿਚ ਹਾਜ਼ਰ ਹੋਏ। ਇਨ੍ਹਾਂ ਵਿਚੋਂ ਪ੍ਰਮੁੱਖ ਨੇਤਾ ਸਨ—ਭਗਤ ਸਿੰਘ, ਸੁਖਦੇਵ, ਬਿਜੈ ਕੁਮਾਰ ਸਿਨ੍ਹਾ, ਬ੍ਰਹਮ ਦੱਤ, ਸੁਰਿੰਦਰ ਪਾਂਡੇ, ਜਤਿੰਦਰ ਨਾਥ ਦਾਸ, ਯਸ਼ਪਾਲ, ਚੰਦਰ ਸ਼ੇਖਰ ਆਜ਼ਾਦ, ਮਹਾਂਬੀਰ ਸਿੰਘ, ਭਗਵਤੀ ਚਰਨ, ਰਾਜਗੁਰੂ, ਸਰਦੂਲ ਸਿੰਘ ਤੇ ਮੋਹਨ ਸਿੰਘ ਜੋਸ਼।

ਭਗਤ ਸਿੰਘ ਤੋਂ ਪਿਛੋਂ ਚੰਦਰ ਸ਼ੇਖਰ ਬੋਲਿਆ। ਸਭਾ ਨੂੰ ਸੰਬੋਧਨ ਕਰਦਿਆਂ ਉਸਨੇ ਕਿਹਾ, "ਦੇਸ਼ ਵਿਚ ਰਾਜਨੀਤਿਕ ਹਾਲਾਤ ਬਦਲ ਗਏ ਹਨ। ਸਾਰਾ ਦੇਸ਼ ਬੇਚੈਨ ਹੈ। ਹੁਣ ਸਾਨੂੰ ਕੁਝ ਕਰਨਾ ਚਾਹੀਦਾ ਹੈ। ਕਾਂਗਰਸ ਦੀ ਨੀਤੀ ਨਾਲ ਦੇਸ਼ ਆਜ਼ਾਦ ਨਹੀਂ ਹੋ ਸਕਦਾ। ਉਹ ਹਰ ਦਿਨ ਸੰਧੀਆਂ ਕਰਦੇ ਹਨ। ਨੌਜਵਾਨਾਂ ਨੂੰ ਹੁਣ ਕਮਰਕੱਸੇ ਕਰ ਲੈਣੇ ਚਾਹੀਦੇ ਹਨ। ਮੇਰਾ ਸੁਝਾਅ ਹੈ ਕਿ ਹੁਣ ਇਸ ਸੰਸਥਾ ਨੂੰ ਫੌਜੀ ਆਧਾਰਾਂ ਤੇ ਜਥੇਬੰਦ ਕੀਤਾ ਜਾਵੇ।"

ਸਮਾਜਵਾਦ ਨੂੰ ਹੋਰ ਵੀ ਵਧੇਰੇ ਮਹੱਤਤਾ ਦਿੱਤੀ ਗਈ ਤੇ ਸੰਸਥਾ ਦਾ ਨਵਾਂ ਨਾਮ 'ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ' ਰਖਿਆ ਗਿਆ। ਇਨ੍ਹਾਂ ਨੌਜਵਾਨਾਂ ਲਈ ਸੁਤੰਤਰਤਾ ਦਾ ਭਾਵ ਸੀ, ਸਮਾਜਵਾਦ ਤੇ ਫੌਜੀ ਕਾਰਵਾਈ। ਉਨ੍ਹਾਂ ਦੇ ਪ੍ਰੋਗਰਾਮਾਂ ਦਾ ਮੁੱਖ ਅੰਗ ਸਾਈਮਨ ਕਮਿਸ਼ਨ ਦਾ ਬਾਈਕਾਟ ਕਰਨਾ ਸੀ, ਤੇ ਜੇ ਹੋ ਸਕੇ ਤਾਂ ਉਸ ਟ੍ਰੇਨ ਨੂੰ ਉੱਡਾ ਦੇਣਾ ਜਿਸ ਵਿਚ ਕਮਿਸ਼ਨ ਸਫ਼ਰ ਕਰ ਰਿਹਾ ਹੋਵੇ। ਪੁਲਿਸ ਦੇ ਸੂਹੀਆਂ ਨੂੰ ਕਤਲ ਕਰਨਾ, ਸਰਕਾਰੀ ਖਜ਼ਾਨੇ ਨੂੰ ਲੁੱਟ ਕੇ ਫੰਡ ਇਕੱਤਰ ਕਰਨਾ ਤੇ ਸਾਰੇ ਦੇਸ਼ ਵਿਚ ਹਥਿਆਰਾਂ ਦੀ ਸਿਖਲਾਈ ਦਾ ਪ੍ਰਬੰਧ ਕਰਨਾ, ਇਸ ਗਰੁੱਪ ਦੇ ਸਪੱਸ਼ਟ ਰੂਪ ਵਿਚ ਅਪਣਾਏ ਹੋਏ ਟੀਚੇ ਸਨ।

ਇਕ ਵਾਰੀ ਫੇਰ ਭਗਤ ਸਿੰਘ ਗ੍ਰਿਫ਼ਤਾਰ ਹੋਣ ਤੋਂ ਬਚ ਨਿਕਲਿਆ ਅਤੇ ਬੜੇ ਨਾਟਕੀ

ਢੰਗ ਨਾਲ ਲੋਪ ਹੋ ਗਿਆ ਤੇ ਭੇਸ ਵਟਾਕੇ ਨਿਕਲ ਗਿਆ । ਉਹ ਪਹਿਲਾ ਵੀ ਇਵ ਹੀ ਪੁਲਿਸ ਨੂੰ ਝਾਂਸਾ ਦੇ ਕੇ ਨਿਕਲ ਗਿਆ ਸੀ ਤੇ ਇਸ ਮਗਰੋਂ ਵੀ ਲਾਹੌਰ ਵਿਚ ਸਾਂਡਰਸ ਨੂੰ ਕਤਲ ਕਰਕੇ ਫੇਰ ਗ਼ਾਇਬ ਹੋ ਗਿਆ ।

## ਸਾਈਮਨ ਕਮਿਸ਼ਨ ਤੇ ਲਾਹੌਰ ਵਿਚ ਭੜਕਾਵੀਆਂ ਘਟਨਾਵਾਂ

ਅਕਤੂਬਰ 1928 ਵਿਚ ਸਾਈਮਨ ਕਮਿਸ਼ਨ ਲਾਹੌਰ ਪੁੱਜਾ । ਪੰਜਾਬ ਦੇ ਸੀਨੀਅਰ ਨੇਤਾ, ਲਾਲਾ ਲਾਜਪਤ ਰਾਇ, ਦੀ ਅਗਵਾਈ ਹੇਠ ਸਾਰੀਆਂ ਰਾਜਸੀ ਪਾਰਟੀਆਂ ਨੇ ਬੜਾ ਵੱਡਾ ਮੁਜ਼ਾਹਿਰਾ ਕੀਤਾ । ਲਾਹੌਰ ਰੇਲਵੇ ਸਟੇਸ਼ਨ ਤੇ ਪੁਲਿਸ ਨੇ ਮੁਜ਼ਾਹਿਰਾ ਕਰਨ ਵਾਲਿਆਂ ਤੇ ਲਾਠੀਚਾਰਜ ਕੀਤਾ ਤੇ ਗੋਰੇ ਪੁਲਿਸ ਅਫ਼ਸਰਾਂ ਨੇ ਲਾਲਾ ਲਾਜਪਤ ਰਾਇ ਨੂੰ ਬੜੀ ਬੇਦਰਦੀ ਨਾਲ ਸੱਟਾਂ ਮਾਰੀਆਂ । ਪਰ ਇਨਕਲਾਬੀਆਂ ਨੇ, ਜਿਨ੍ਹਾਂ ਵਿਚ ਭਗਤ ਸਿੰਘ ਵੀ ਸ਼ਾਮਲ ਸੀ, ਉਸ ਵੇਲੇ ਬੜੇ ਜ਼ਬਤ ਨਾਲ ਆਪਣੇ ਆਪ ਨੂੰ ਕੰਟਰੋਲ ਵਿਚ ਰਖਿਆ ਅਤੇ ਮੁਜ਼ਾਹਿਰੇ ਦੇ ਸ਼ਾਂਤਮਈ ਰੂਪ ਨੂੰ ਕਾਇਮ ਰਖਿਆ । ਪੁਲਿਸ ਦੀਆਂ ਲਾਠੀਆਂ ਦੀਆਂ ਸੱਟਾਂ ਕਾਰਣ ਲਾਲਾ ਲਾਜਪਤ ਰਾਇ 17 ਨਵੰਬਰ ਨੂੰ ਅਕਾਲ ਚਲਾਣਾ ਕਰ ਗਏ । ਇਸ ਅਪਮਾਨ ਭਰੇ ਵਤੀਰੇ ਕਰਕੇ ਅਤੇ ਲਾਲਾ ਜੀ ਵਰਗੇ ਪ੍ਰਤਿਸ਼ਠਿਤ ਲੀਡਰ ਦੀ ਇਨ੍ਹਾਂ ਹਾਲਾਤ ਵਿਚ ਮੌਤ ਹੋਣ ਕਰਕੇ, ਸਾਰੇ ਦੇਸ਼ ਵਿਚ ਰੋਸ ਦੀ ਲਹਿਰ ਫਿਰ ਗਈ । ਕ੍ਰਾਂਤੀਕਾਰੀਆਂ ਨੇ ਇਸ ਬੇਕਿਰਕੇ ਕਤਲ ਦਾ ਬਦਲਾ ਲੈਣ ਦਾ ਫ਼ੈਸਲਾ ਕੀਤਾ । ਇਕ ਸਕੀਮ ਬਣਾਈ ਗਈ ਕਿ ਪੁਲਿਸ ਕਪਤਾਨ ਸਕਾਟ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਜਾਵੇ । ਇਸ ਅਫ਼ਸਰ ਨੇ ਖੁਦ ਲਾਲਾ ਜੀ ਨੂੰ ਸੱਟਾਂ ਮਾਰੀਆਂ ਸਨ । ਇਸ ਖ਼ਤਰਨਾਕ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਬੜਾ ਵਿਸਤਰਿਤ ਪ੍ਰੋਗਰਾਮ ਉਲੀਕਿਆ ਗਿਆ । ਇਸ ਆਸ਼ੇ ਲਈ ਕੀਤੀ ਗਈ ਗੁਪਤ ਮੀਟਿੰਗ ਵਿਚ, ਹੋਰਨਾਂ ਦੇ ਨਾਲ, ਭਗਤ ਸਿੰਘ, ਰਾਜਗੁਰੂ, ਚੰਦਰ ਸ਼ੇਖਰ ਆਜ਼ਾਦ ਤੇ ਸੁਖਦੇਵ ਵੀ ਹਾਜ਼ਰ ਸਨ । ਪੰਜਾਬ ਦੇ ਗਵਰਨਰ ਸਮੇਤ ਕਈਆਂ ਅੰਗਰੇਜ਼ ਅਧਿਕਾਰੀਆਂ ਨੂੰ ਕਤਲ ਕਰਨ ਦੀ ਸਕੀਮ ਬਣਾਈ ਗਈ । ਸੋਚ ਵਿਚਾਰ ਪਿਛੋਂ ਇਸ ਸਕੀਮ ਉਤੇ ਅਮਲ ਕਰਨ ਦੀ ਜ਼ਿੰਮੇਵਾਰੀ ਭਗਤ ਸਿੰਘ, ਰਾਜਗੁਰੂ ਸੁਖਦੇਵ, ਆਜ਼ਾਦ ਤੇ ਜੈ ਗੋਪਾਲ ਨੂੰ ਸੌਂਪੀ ਗਈ । ਅਮਲ ਕਾਰਵਾਈ ਲਾਲਾ ਲਾਜਪਤ ਰਾਇ ਦੇ ਚਲਾਣੇ ਦੇ ਠੀਕ ਇਕ ਮਹੀਨਾ ਪਿਛੋਂ, 17 ਦਸੰਬਰ, 1928 ਨੂੰ ਕੀਤੀ ਗਈ । ਇਕ ਜੂਨੀਅਰ ਪੁਲਿਸ ਅਧਿਕਾਰੀ ਸਾਂਡਰਸ ਨੂੰ, ਸਕਾਟ ਦੇ ਭੁਲਾਵੇ ਵਿਚ ਗੋਲੀ ਨਾਲ ਉਡਾ ਦਿੱਤਾ । ਚਸ਼ਮੇ ਦੀਦ ਰਿਪੋਰਟਾਂ ਅਨੁਸਾਰ ਗੋਲੀਆਂ ਰਾਜਗੁਰੂ ਤੇ ਭਗਤ ਸਿੰਘ ਨੇ ਮਾਰੀਆਂ ਸਨ । ਇਸ ਪਿਛੋਂ ਉਹ ਪੁਲਿਸ ਦੇ ਹੈੱਡ ਕੁਆਟਰ ਦੇ ਸਾਹਮਣੇ ਵੱਲ ਡੀ.ਏ.ਵੀ. ਕਾਲਿਜ ਵਿਚ ਲੋਪ ਹੋ ਗਏ । ਇਕ ਹੈੱਡ ਕਾਂਸਟੇਬਲ ਨੇ ਉਨ੍ਹਾਂ ਦਾ ਪਿੱਛਾ ਕੀਤਾ, ਉਹਨੂੰ ਵੀ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ ਗਿਆ ।

ਦੂਜੇ ਦਿਨ ਇਕ ਲਾਲ ਇਸ਼ਤਿਹਾਰ ਵੰਡਿਆ ਗਿਆ, ਜਿਸ ਵਿਚ ਕਿਹਾ ਗਿਆ ਸੀ ਕਿ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਨੇ ਲਾਲਾ ਲਾਜਪਤ ਰਾਇ ਦਾ ਬਦਲਾ ਲੈ ਲਿਆ ਹੈ ਅਤੇ ਕੌਮ ਦੇ ਮੱਥੇ ਤੇ ਲੱਗੀ ਇਸ ਅਪਮਾਨ ਦੇ ਦਾਗ਼ ਨੂੰ ਧੋ ਦਿੱਤਾ ਹੈ ।

ਇਸ਼ਤਿਹਾਰ ਵਿਚ ਲਿਖਿਆ ਸੀ :

''ਲੱਖਾਂ ਦੇਸ਼ ਵਾਸੀਆਂ ਵੱਲੋਂ ਸਤਿਕਾਰੇ ਜਾਣ ਵਾਲੇ ਨੇਤਾ ਦਾ ਇਕ ਮਾਮੂਲੀ ਪੁਲਿਸ ਅਫ਼ਸਰ ਦੇ ਹੱਥੋਂ ਮਾਰਿਆ ਜਾਣਾ ਸਾਰੀ ਕੌਮ ਦਾ ਘੋਰ ਨਿਰਾਦਰ ਸੀ। ਭਾਰਤ ਦੇ ਨੌਜਵਾਨਾਂ ਦਾ ਇਹ ਜ਼ਰੂਰੀ ਫ਼ਰਜ਼ ਸੀ ਕਿ ਉਹ ਇਸ ਅਪਮਾਨ ਦੇ ਦਾਗ ਨੂੰ ਧੋਣ।''

''ਅੱਜ ਸੰਸਾਰ ਨੇ ਅੱਖੀਂ ਵੇਖ ਲਿਆ ਹੈ ਕਿ ਭਾਰਤਵਾਸੀ ਆਪਣੇ ਦੇਸ਼ ਦੇ ਹਿੱਤਾਂ ਦੀ ਰਖਵਾਲੀ ਲਈ ਸਦਾ ਸਤਰਕ ਹਨ ਤੇ ਮਾਤ-ਭੂਮੀ ਦੀ ਆਬਰੂ ਬਚਾਉਣ ਲਈ ਉਹ ਹਰ ਕੁਰਬਾਨੀ ਦੇ ਸਕਦੇ ਹਨ। ਇਕ ਬੰਦੇ ਨੂੰ ਕਤਲ ਕਰਨ ਦਾ ਸਾਨੂੰ ਅਫ਼ਸੋਸ ਹੈ, ਪਰ ਇਹ ਮਨੁੱਖ ਉਸੇ ਅਮਾਨਵੀ ਦੇ ਅਨਿਆਈ ਪ੍ਰਣਾਲੀ ਦਾ ਅੰਗ ਹੈ ਜਿਸ ਨੂੰ ਅਸਾਂ ਨਸ਼ਟ ਕਰਨਾ ਹੈ। ਉਹਦੀ ਮੌਤ ਨਾਲ ਬਰਤਾਨਵੀ ਹਕੂਮਤ ਦਾ ਇਕ ਏਜੰਟ ਖ਼ਤਮ ਹੋ ਗਿਆ। ਖ਼ੂਨ ਖ਼ਰਾਬਾ ਕਰਨ ਨਾਲ ਸਾਨੂੰ ਦੁੱਖ ਹੁੰਦਾ ਹੈ। ਪਰ ਇਨਕਲਾਬ ਦੀ ਦੇਵੀ ਨੂੰ ਬਲੀ ਚੜ੍ਹਾਉਣ ਲਈ ਖ਼ੂਨ ਵਹਾਉਣਾ ਹੀ ਪੈਂਦਾ ਹੈ। ਸਾਡਾ ਨਿਸ਼ਾਨਾ ਹੈ ਇਕ ਅਜਿਹਾ ਇਨਕਲਾਬ ਲਿਆਉਣਾ ਜਿਸ ਨਾਲ ਮਨੁੱਖਾਂ ਹੱਥੋਂ ਹੋ ਰਹੀ ਮਨੁੱਖਾਂ ਦੀ ਲੁੱਟ-ਖੋਹ ਖ਼ਤਮ ਹੋ ਜਾਵੇ।''

ਭਗਤ ਸਿੰਘ ਤੇ ਉਸ ਦੇ ਸਾਥੀ ਲੋਪ ਹੋਣ ਵਿਚ ਪੂਰੀ ਤਰ੍ਹਾਂ ਸਫ਼ਲ ਹੋਏ। ਪੁਲਿਸ ਦੀ ਪਛਾਣ ਤੋਂ ਬਚਣ ਲਈ ਭਗਤ ਸਿੰਘ ਨੇ ਕੇਸ ਕਟਵਾ ਦਿੱਤੇ ਅਤੇ ਪੁਲਿਸ ਦੀ ਅੱਖੀਂ ਘੱਟਾ ਪਾ ਕੇ ਉਹ ਛੇਤੀ ਹੀ ਲਾਹੌਰ ਤੋਂ, ਟ੍ਰੇਨ ਰਾਹੀਂ, ਕਲਕੱਤੇ ਨੂੰ ਰਵਾਨਾ ਹੋ ਗਿਆ।

## ਅਸੈਂਬਲੀ ਵਿਚ ਬੰਬ

1929 ਵਿਚ ਕਲਕੱਤੇ ਰਹਿੰਦਿਆਂ ਭਗਤ ਸਿੰਘ ਕ੍ਰਾਂਤੀਕਾਰੀ ਸੰਘਰਸ਼ ਦੀ ਗਤੀ ਵਿਧੀ ਹੋਰ ਵੀ ਤਿੱਖੀ ਕਰਦਾ ਰਿਹਾ। ਉਨ੍ਹਾਂ ਦੀ ਇਕ ਸਕੀਮ ਇਹ ਸੀ ਕਿ ਗੌਰਮਿੰਟ ਦੇ ਵਿਰੁੱਧ ਵਰਤਣ ਲਈ ਬੰਬ ਬਣਾਏ ਜਾਣ। ਇਸ ਸਮੇਂ ਕੇਂਦਰੀ ਅਸੈਂਬਲੀ, ਜੋ ਅੰਗਰੇਜ਼ੀ ਸੰਸਦ ਦੀ ਥਾਂ ਹੁੰਦੀ ਸੀ, ਦਬਾਊ ਕਾਰਵਾਈ ਵਜੋਂ, ਪਬਲਿਕ ਸੇਫ਼ਟੀ ਤੇ ਟ੍ਰੇਡ ਡਿਸਪਿਊਟ ਬਿੱਲ ਪਾਸ ਕਰਨ ਵਾਲੀ ਸੀ। ਭਗਤ ਸਿੰਘ ਤੇ ਉਹਦੇ ਸਾਥੀ ਕੋਈ ਮਹਾਨ ਤੇ ਨਾਟਕੀ ਸਾਕਾ ਕਰਨਾ ਚਾਹੁੰਦੇ ਸਨ। ਇਹ ਸਕੀਮ ਸੀ ਕਿ ਜਦੋਂ ਅਸੈਂਬਲੀ ਉਤੇ ਦੱਸੇ ਗਏ ਦਮਨਕਾਰੀ ਬਿੱਲ ਉਤੇ ਬਹਿਸ ਕਰਨ ਲੱਗੇ, ਉਦੋਂ ਚੈਂਬਰ ਵਿਚ ਬੰਬ ਸੁੱਟਿਆ ਜਾਵੇ। ਭਗਤ ਸਿੰਘ ਤੇ ਬੀ. ਕੇ. ਦੱਤ ਨੇ ਇਸ ਮੰਤਵ ਲਈ ਤਿਆਰੀ ਕੀਤੀ; ਉਹ ਕਿਵੇਂ ਨਾ ਕਿਵੇਂ ਅਸੈਂਬਲੀ ਚੈਂਬਰ ਵਿਚ ਪੁੱਜੇ ਅਤੇ ਪਬਲਿਕ ਗੈਲਰੀ ਵਿਚ ਬਹਿ ਗਏ। ਅਸੈਂਬਲੀ ਦੇ ਕੁਝ ਭਾਰਤੀ ਮੈਂਬਰਾਂ ਨੇ ਬਿੱਲ ਦੀ ਇਹ ਕਹਿ ਕੇ ਹਮਾਇਤ ਕੀਤੀ ਕਿ ਭਾਰਤ ਕਿਤੇ ਕਮਿਊਨਿਸਟ ਨਾ ਹੋ ਜਾਵੇ। ਜਦੋਂ ਅਸੈਂਬਲੀ ਦਾ ਪ੍ਰਧਾਨ ਵਠਲ ਭਾਈ ਪਟੇਲ ਬਿੱਲ ਦੀ ਉਚਿਤਤਾ ਬਾਰੇ ਆਪਣਾ ਫ਼ੈਸਲਾ ਦੇਣ ਵਾਲਾ ਸੀ ਠੀਕ ਉਸ ਵੇਲੇ ਬੰਬ ਸੁੱਟਿਆ ਗਿਆ। ਇਸ ਨਾਲ ਕੋਈ ਮੌਤ ਨਾ ਹੋਈ, ਪਰ ਬੜਾ ਧਮਾਕਾ ਪਿਆ ਤੇ ਧੂੰਆਂ ਧੂੰ ਹੋ ਗਿਆ। ਬੰਬ ਸੁੱਟਣ ਪਿਛੋਂ ਕ੍ਰਾਂਤੀਕਾਰੀਆਂ ਨੇ ''ਇਨਕਲਾਬ, ਜ਼ਿੰਦਾਬਾਦ'' ਦੇ ਨਾਅਰੇ ਲਾਏ ਤੇ ਅਸੈਂਬਲੀ ਵਿਚ ਇਸ਼ਤਿਹਾਰ ਸੁੱਟੇ। ਇਨ੍ਹਾਂ ਵਿਚ ਇਨਕਲਾਬ ਦੀ ਇਕ

ਨਵੀਂ ਵਿਆਖਿਆ ਕੀਤੀ ਗਈ ਸੀ। ਲਿਖਿਆ ਸੀ :

"ਬੋਲਿਆਂ ਨੂੰ ਸੁਣਾਉਣ ਲਈ ਬੜੀ ਉੱਚੀ ਆਵਾਜ਼ ਕੱਢਣੀ ਪੈਂਦੀ ਹੈ"। ਕਿਸੇ ਅਜਿਹੇ ਹੀ ਸਮੇਂ ਤੇ ਕਹੇ ਹੋਏ ਬਹਾਦੁਰ ਫ਼ਰਾਂਸੀਸੀ ਵਿਦ੍ਰੋਹਵਾਦੀ ਸ਼ਹੀਦ ਦੇ ਇਨ੍ਹਾਂ ਅਮਰ ਸ਼ਬਦਾਂ ਨਾਲ ਅਸੀਂ ਆਪਣੀ ਇਸ ਕਾਰਵਾਈ ਨੂੰ ਜਾਇਜ਼ ਪ੍ਰਮਾਣਿਤ ਕਰਦੇ ਹਾਂ।

"ਮਾਂਟੇਗੂ ਚੈਮਸਫੋਰਡ ਸੁਧਾਰਾਂ ਅਧੀਨ ਲਾਗੂ ਕੀਤੇ ਗਏ ਸੁਧਾਰਾਂ ਦੀ ਅਸਲੀਅਤ ਦੱਸਣ ਤੋਂ ਬਿਨਾ ਅਤੇ ਇਸ ਨਾਮਧਰੀਕ ਭਾਰਤੀ ਸੰਸਦ ਦੁਆਰਾ ਭਾਰਤੀ ਕੌਮ ਦੇ ਕੀਤੇ ਗਏ ਅਪਮਾਨ ਦਾ ਵੇਰਵਾ ਦੇਣ ਤੋਂ ਬਿਨਾਂ, ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਜਦੋਂ ਲੋਕ ਸਾਈਮਨ ਕਮਿਸ਼ਨ ਤੋਂ ਅਜਿਹੇ ਸੁਧਾਰਾਂ ਦੀ ਕੁਝ ਹੋਰ ਭਿੱਖਿਆ ਮਿਲਣ ਦੀ ਆਸ ਰਖਦੇ ਹਨ, ਅਤੇ ਇਸ ਭਿਖਿਆ ਨੂੰ ਆਪਸ ਵਿਚ ਵੰਡਣ ਲਈ ਇਕ ਦੂਜੇ ਨਾਲ ਝਗੜ ਰਹੇ ਹਨ, ਉਦੋਂ ਗੌਰਮਿੰਟ ਪਬਲਿਕ ਸੇਫਟੀ ਐਂਡ ਟ੍ਰੇਡ ਡਿਸਪਿਊਟ ਬਿੱਲ ਰਾਹੀਂ ਸਾਡੇ ਉਤੇ ਦਮਨਕਾਰੀ ਕਾਨੂੰਨ ਲਦ ਰਹੀ ਹੈ, ਅਤੇ ਪ੍ਰੈਸ ਨੂੰ ਦਬਾਉਣ ਸੰਬੰਧੀ ਬਿੱਲ ਨੂੰ ਅਗਲੇ ਸੈਸ਼ਨ ਲਈ ਰਾਖਵਾਂ ਰਖ ਰਹੀ ਹੈ। ਲੋਕਾਂ ਵਿਚ ਕੰਮ ਕਰ ਰਹੇ ਕਿਰਤੀ ਨੇਤਾਵਾਂ ਦੀਆਂ ਗ੍ਰਿਫਤਾਰੀਆਂ ਤੋਂ ਸਾਫ਼ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਅਗਾਂਹ ਕੀ ਹੋਣ ਵਾਲਾ ਹੈ।

"ਅਜਿਹੇ ਅਤਿਅੰਤ ਭੜਕਾਊ ਹਾਲਾਤ ਵਿਚ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਨੇ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਦਿਆਂ ਨਿਰਣਾ ਕਰਕੇ ਹੁਕਮ ਦਿੱਤਾ ਕਿ ਉਸ ਦੀ ਸੈਨਾ ਇਹ ਖ਼ਾਸ ਕਾਰਵਾਈ ਕਰੇ ਤਾਂ ਜੋ ਇਸ ਨਿਰਾਦਰਜਨਕ ਧੋਖੇਬਾਜ਼ੀ ਨੂੰ ਖ਼ਤਮ ਕੀਤਾ ਜਾਵੇ ਅਤੇ ਵਿਦੇਸ਼ੀ, ਲੁਟੇਰੀ ਨੌਕਰਸ਼ਾਹੀ ਨੂੰ ਆਪਣੀ ਮਨਮਰਜ਼ੀ ਕਰਨ ਦਿੱਤੀ ਜਾਵੇ। ਪਰ ਉਨ੍ਹਾਂ ਨੂੰ ਜਨਤਾ ਦੇ ਸਾਹਵੇਂ ਪੂਰੀ ਤਰ੍ਹਾਂ ਨੰਗਾ ਕੀਤਾ ਜਾਵੇ।

"ਜਨਤਾ ਦੇ ਪ੍ਰਤਿਨਿਧ ਆਪਣੇ ਹਲਕਿਆਂ ਵਿਚ ਜਾਣ ਅਤੇ ਲੋਕਾਂ ਨੂੰ ਇਨਕਲਾਬ ਲਈ ਤਿਆਰ ਕਰਨ। ਨਾਲ ਹੀ ਸਰਕਾਰ ਇਹ ਸਮਝ ਲਵੇ ਕਿ ਇਸ ਬਿਲ ਦੇ ਵਿਰੁੱਧ ਪਰੋਟੈਸਟ ਕਰਦੇ ਹੋਏ ਅਤੇ ਨਿਤਾਣੀ ਭਾਰਤੀ ਜਨਤਾ ਵੱਲੋਂ ਲਾਲਾ ਲਾਜਪਤ ਰਾਇ ਦੇ ਵਹਿਸ਼ੀਆਨਾ ਕਤਲ ਦੇ ਵਿਰੁੱਧ ਆਵਾਜ਼ ਉਠਾਉਂਦੇ ਹੋਏ, ਅਸੀਂ ਇਤਿਹਾਸ ਦੁਆਰਾ ਕਈ ਵਾਰੀ ਸਿਖਾਏ ਗਏ ਉਸ ਸਿੱਧਾਂਤ ਨੂੰ ਫਿਰ ਦੁਹਰਾਉਂਦੇ ਹਾਂ ਕਿ ਮਨੁੱਖਾਂ ਨੂੰ ਕਤਲ ਕਰ ਦੇਣਾ ਸੁਖਾਲਾ ਹੈ ਪਰ ਵਿਚਾਰਾਂ ਨੂੰ ਕਤਲ ਨਹੀਂ ਕੀਤਾ ਜਾ ਸਕਦਾ। ਸਾਮਰਾਜ ਢਹਿ-ਢੇਰੀ ਹੁੰਦੇ ਹਨ, ਪਰ ਵਿਚਾਰ ਅਮਰ ਹਨ।

"ਅਸੀਂ ਬੜੇ ਦੁੱਖ ਨਾਲ ਇਹ ਸਵੀਕਾਰ ਕਰਦੇ ਹਾਂ ਕਿ ਮਨੁੱਖੀ ਜੀਵਨ ਨੂੰ ਇੰਨਾ ਪਵਿੱਤਰ ਸਮਝਣ ਦੇ ਬਾਵਜੂਦ ਅਤੇ ਪੂਰਨ ਸੁਤੰਤਰਤਾ ਤੇ ਦ੍ਰਿੜ੍ਹ ਸ਼ਾਂਤੀ ਵਾਲੇ ਆਪਣੇ ਉੱਜਲ ਭਵਿਖਤ ਦੇ ਸੁਫ਼ਨੇ ਲੈਂਦਿਆਂ ਹੋਇਆਂ ਵੀ ਅਸੀਂ ਮਨੁੱਖੀ ਖ਼ੂਨ ਡੋਲ੍ਹਣ ਲਈ ਮਜਬੂਰ ਹੋਏ ਹਾਂ। ਪਰ ਮਹਾਨ ਕ੍ਰਾਂਤੀ ਲਈ, ਅਜਿਹੀ ਕ੍ਰਾਂਤੀ ਲਈ ਜਿਸ ਨਾਲ ਸਾਰਿਆਂ ਨੂੰ ਸੁਤੰਤਰਤਾ ਮਿਲੇਗੀ ਤੇ ਜਿਸ ਨਾਲ ਮਨੁੱਖਾਂ ਤੋਂ ਮਨੁੱਖਾਂ ਦੀ ਖੋਹਾਮਾਰੀ ਖ਼ਤਮ ਹੋ ਜਾਵੇਗੀ, ਮਨੁੱਖੀ ਕੁਰਬਾਨੀ ਆਵੱਸ਼ਕ ਤੇ ਲਾਜ਼ਮੀ ਹੈ।

"ਇਨਕਲਾਬ, ਜ਼ਿੰਦਾਬਾਦ।"

ਭਗਤ ਸਿੰਘ ਤੇ ਦੱਤ ਉਸੇ ਵੇਲੇ ਗ੍ਰਿਫ਼ਤਾਰ ਕਰ ਲਏ ਗਏ। ਪਰ ਇਥੇ ਹੀ ਬੱਸ ਨਹੀਂ ਹੋਈ। ਕ੍ਰਾਂਤੀਕਾਰੀ ਸਰਗਰਮੀਆਂ ਵਿਚ ਹਿੱਸਾ ਲੈਣ ਵਾਲੇ ਕੁੱਲ ਨੌਜਵਾਨ ਦੇਸ਼ ਦੇ ਹਰ ਕੋਨੇ ਵਿਚ ਗ੍ਰਿਫ਼ਤਾਰ ਕਰ ਲਏ ਗਏ। ਨਾਲ ਹੀ ਕ੍ਰਾਂਤੀਕਾਰੀ ਨੌਜਵਾਨਾਂ ਨੇ ਵੀ ਰੂਪੋਸ਼ ਹੋ ਕੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ। ਉਸ ਸਮੇਂ ਬੜੇ ਗੰਭੀਰ ਖਿਚਾ ਵਾਲਾ ਵਾਤਾਵਰਣ ਸੀ। ਕੁਝ ਸਮੇਂ ਪਿਛੋਂ ਦਿੱਲੀ ਜੇਲ੍ਹ ਵਿਚ ਉਨ੍ਹਾਂ ਉਤੇ ਮੁਕੱਦਮਾ ਚਲਾਇਆ ਗਿਆ। ਦੋਵੇਂ ਹੀ ਨੌਜਵਾਨ ਬੜੀ ਦਲੇਰੀ ਨਾਲ ਤੇ ਨਿਧੱੜਕ ਹੋ ਕੇ ਮੁਕੱਦਮੇ ਦੀ ਕਾਰਵਾਈ ਸੁਣਦੇ ਰਹੇ। ਉਨ੍ਹਾਂ ਆਪਣੇ ਪੱਖ ਤੋਂ ਮੁਕੱਦਮੇ ਦੀ ਪੈਰਵੀ ਲਈ ਪ੍ਰਬੰਧ ਕਰਵਾਉਣ ਲਈ ਕੋਈ ਪ੍ਰਾਰਥਨਾ ਨਾ ਕੀਤੀ। ਉਹ ਜਾਣਦੇ ਸਨ ਕਿ ਅੰਗਰੇਜ਼ਾਂ ਤੋਂ ਨਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਹ ਰਾਜਨੀਤਿਕ ਮਾਮਲਿਆਂ ਵਿਚ ਨਿਰਪੱਖ ਨਹੀਂ ਰਹਿ ਸਕਦੇ। ਮੁਕੱਦਮੇ ਦੇ ਦੌਰਾਨ ਉਹ ਬੜੇ ਖੁਸ਼, ਪ੍ਰਸੰਨ ਰਹੇ। ਹਾਂ, ਉਨ੍ਹਾਂ ਨੇ ਜੇਲ੍ਹ ਵਿਚ ਅਖ਼ਬਾਰ ਆਦਿ ਪ੍ਰਾਪਤ ਕਰਨ ਵਰਗੀਆਂ ਕੁਝ ਸਾਧਾਰਣ ਸਹੂਲਤਾਂ ਦੀ ਮੰਗ ਕੀਤੀ, ਪਰ ਅਦਾਲਤ ਵੱਲੋਂ ਕੋਈ ਉੱਤਰ ਨਾ ਮਿਲਿਆ। ਕਦੇ ਕਦੇ ਉਹ 'ਇਨਕਲਾਬ, ਜ਼ਿੰਦਾਬਾਦ' ਵਰਗੇ ਨਾਅਰੇ ਲਾਉਂਦੇ ਰਹਿੰਦੇ ਸਨ। ਮੁਕੱਦਮੇ ਪਿਛੋਂ ਅਦਾਲਤ ਨੇ ਉਨ੍ਹਾਂ ਨੂੰ ਸੈਸ਼ਨ ਸਪੁਰਦ ਕਰ ਦਿੱਤਾ। ਉਥੇ ਵੀ ਉਨ੍ਹਾਂ ਕੇਸ ਦੀ ਪੈਰਵੀ ਲਈ ਕੋਈ ਸਹਾਇਤਾ ਨਾ ਲੈਣ ਵਾਲਾ ਹੀ ਵਤੀਰਾ ਬਣਾਈ ਰਖਿਆ। ਪਰ 6 ਜੂਨ, 1929 ਨੂੰ ਉਨ੍ਹਾਂ ਇਕ ਬਿਆਨ ਦਿੱਤਾ ਜਿਸ ਵਿਚ ਆਪਣੀ ਇਸ ਕਾਰਵਾਈ ਦਾ ਮਨੋਰਥ ਪ੍ਰਤੱਖ ਕਰਕੇ ਬਿਆਨ ਕੀਤਾ। 'ਇਹ ਬਿਆਨ ਇਕ ਦਿਲ ਟੁੰਬਵੀਂ ਲਿਖਤ ਹੈ ਅਤੇ ਕ੍ਰਾਂਤੀਕਾਰੀ ਸਿਧਾਂਤਾਂ ਦਾ ਬੜਾ ਉਤੇਜਕ ਐਲਾਨ ਹੈ। ਇਸ ਦਾ ਕੁਝ ਹਿੱਸਾ ਹੇਠ ਲਿਖੇ ਅਨੁਸਾਰ ਹੈ :

"ਇੰਗਲੈਂਡ ਨੂੰ ਆਪਣੇ ਸੁਫ਼ਨਿਆਂ ਤੋਂ ਜਗਾਉਣ ਲਈ ਬੰਬ ਸੁੱਟਣਾ ਜ਼ਰੂਰੀ ਸੀ। ਜਿਨ੍ਹਾਂ ਲੋਕਾਂ ਕੋਲ ਆਪਣੀ ਦਿਲ ਤੋੜਵੀਂ ਵੇਦਨਾ ਨੂੰ ਵਿਅਕਤ ਕਰਨ ਲਈ ਹੋਰ ਕੋਈ ਚਾਰਾ ਨਹੀਂ, ਅਸੀਂ ਉਨ੍ਹਾਂ ਦਾ ਪਰੋਟੈਸਟ ਪ੍ਰਗਟ ਕਰਨ ਲਈ ਅਸੈਂਬਲੀ ਵਿਚ ਬੰਬ ਸੁੱਟਿਆ। ਸਾਡਾ ਸਿਰਫ਼ ਇਕੋ ਮਨੋਰਥ ਸੀ ਕਿ ਕੰਨੋਂ ਬੋਲਿਆਂ ਨੂੰ ਆਪਣੀ ਗੱਲ ਸੁਣਾਈ ਜਾਵੇ ਤੇ ਲਾਪਰਵਾਹਾਂ ਨੂੰ ਸਮੇਂ ਸਿਰ ਚਿਤਾਵਨੀ ਦਿੱਤੀ ਜਾਵੇ। ਸਾਡੇ ਹੋਰਨਾਂ ਭਰਾਵਾਂ ਦੇ ਦਿਲਾਂ ਵਿਚ ਵੀ ਅਜਿਹੀ ਹੀ ਵੇਦਨਾ ਹੈ, ਜਿਹੀ ਕਿ ਅਸੀਂ ਮਹਿਸੂਸ ਕਰਦੇ ਹਾਂ ਅਤੇ ਭਾਰਤੀ ਮਨੁੱਖਤਾ ਦੇ ਇਸ ਸ਼ਾਂਤ ਦਿਸਦੇ ਸਾਗਰ ਵਿਚ ਇਕ ਵਾਸਤਵਿਕ ਤੂਫ਼ਾਨ ਉੱਠਣ ਵਾਲਾ ਹੈ। ਅਸੀਂ ਸਿਰਫ਼ ਇਹ "ਖ਼ਤਰੇ ਦਾ ਸਿਗਨਲ" ਦਿੱਤਾ ਹੈ, ਉਨ੍ਹਾਂ ਲੋਕਾਂ ਦੀ ਜਾਣਕਾਰੀ ਲਈ ਜਿਹੜੇ ਗੰਭੀਰ ਖ਼ਤਰਿਆਂ ਵੱਲੋਂ ਲਾਪਰਵਾਹ ਆਪਣੀ ਚਾਲੇ ਤੁਰੇ ਜਾ ਰਹੇ ਹਨ। ਅਸੀਂ ਸਿਰਫ਼ ਸ਼ਾਂਤਮਈ ਦੇ ਹਵਾਈ ਮਹਿਲ ਉਸਾਰਨ ਵਾਲੇ ਕਾਲ ਦੇ ਅੰਤ ਦਾ ਐਲਾਨ ਕੀਤਾ ਹੈ। ਜਿਸ ਸ਼ਾਂਤਮਈ ਦੀ ਨੀਤੀ ਦੀ ਵਿਅਰਥਤਾ ਬਾਰੇ ਨਵੀਂ ਪੀੜ੍ਹੀ ਨੂੰ ਹੁਣ ਕੋਈ ਸ਼ੱਕ ਨਹੀਂ ਰਿਹਾ। ਕਿਸੇ ਚੰਗੇ ਪ੍ਰਯੋਜਨ ਲਈ ਤਾਕਤ ਦੀ ਵਰਤੋਂ ਇਖਲਾਕੀ ਤੌਰ ਤੇ ਜਾਇਜ਼ ਹੈ। ਜਿਹੜਾ ਨਵਾਂ ਅੰਦੋਲਨ ਹੁਣ ਦੇਸ਼ ਵਿਚ ਆਰੰਭ ਹੋ ਰਿਹਾ ਹੈ, ਤੇ ਜਿਸ ਬਾਰੇ ਅਸਾਂ ਚਿਤਾਵਨੀ ਕਰਾਈ ਹੈ, ਇਸ ਨੂੰ ਉਨ੍ਹਾਂ ਆਦਰਸ਼ਾਂ ਤੋਂ ਪ੍ਰੇਰਣਾ ਮਿਲੀ ਹੈ ਜਿਨ੍ਹਾਂ ਦਾ ਪ੍ਰਚਾਰ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲਪਾਸ਼ਾ, ਰਜ਼ਾ ਖ਼ਾਂ, ਵਾਸ਼ਿੰਗਟਨ,

ਗੈਰੀਬਾਲਡੀ ਤੇ ਲੈਨਿਨ ਵਰਗੇ ਮਹਾਂਪੁਰਖਾਂ ਨੇ ਕੀਤਾ ਹੈ ।

"ਇਸ ਬੰਬ ਨਾਲ ਜ਼ਖਮੀ ਹੋਣ ਵਾਲਿਆਂ ਨਾਲ ਜਾਂ ਅਸੈਂਬਲੀ ਦੇ ਕਿਸੇ ਹੋਰ ਮੈਂਬਰ ਨਾਲ ਸਾਨੂੰ ਕੋਈ ਜ਼ਾਤੀ ਰੰਜਸ਼ ਜਾਂ ਗੁੱਸਾ ਨਹੀਂ । ਇਸ ਦੇ ਉਲਟ ਸਗੋਂ ਅਸੀਂ ਫਿਰ ਦੁਹਰਾ ਕੇ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਕਿਸੇ ਨੂੰ ਦੁੱਖ ਦੇਣ ਦੀ ਥਾਂ ਮਨੁੱਖੀ ਜੀਵਨ ਨੂੰ ਪਵਿੱਤਰ ਸਮਝਦੇ ਹਾਂ ।"

ਜਿਵੇਂ ਕਿ ਉਮੀਦ ਕੀਤੀ ਜਾਂਦੀ ਸੀ, ਅਦਾਲਤ ਨੇ ਉਨ੍ਹਾਂ ਨੂੰ ਜੀਵਨ ਭਰ ਲਈ ਕਾਲੇ ਪਾਣੀ ਦੀ ਸਜ਼ਾ ਦਿੱਤੀ । ਇਸ ਸਜ਼ਾ ਉਤੇ 12 ਜੂਨ ਦੀ ਤਾਰੀਖ ਪਾਈ ਗਈ ਸੀ ।

ਪਿਛੋਂ ਉਨ੍ਹਾਂ ਨੇ ਆਪਣੇ ਪ੍ਰੋਗਰਾਮ ਦਾ ਹੋਰ ਪ੍ਰਚਾਰ ਕਰਨ ਤੇ ਜਨਤਾ ਨੂੰ ਜਗਾਉਣ ਦੀ ਆਸ ਨਾਲ ਹਾਈਕੋਰਟ ਵਿਚ ਅਪੀਲ ਕੀਤੀ । ਮੁਕੱਦਮੇ ਦੀ ਸੁਣਵਾਈ ਜਸਟਿਸ ਫੋਰਡ ਤੇ ਜਸਟਿਸ ਐਡੀਸਨ ਨੇ ਕੀਤੀ ਤੇ ਫੈਸਲਾ 13 ਜਨਵਰੀ, 1930 ਨੂੰ ਸੁਣਾਇਆ ਗਿਆ ।

## ਭੁੱਖ ਹੜਤਾਲ ਤੇ ਰਾਜਸੀ ਕੈਦੀਆਂ ਦੇ ਹੱਕਾਂ ਦੀ ਮੰਗ

ਸਭ ਨੂੰ ਪਤਾ ਹੀ ਹੈ ਕਿ ਉਸ ਸਮੇਂ ਰਾਜਸੀ ਕੈਦੀਆਂ ਨਾਲ ਵੀ ਆਮ ਮੁਜਰਮਾਂ ਵਾਲਾ ਹੀ ਵਤੀਰਾ ਵਰਤਿਆ ਜਾਂਦਾ ਸੀ । ਭਗਤ ਸਿੰਘ ਪੰਜਾਬ ਦੀ ਮੀਆਂਵਾਲੀ ਜੇਲ੍ਹ ਵਿਚ ਸੀ । ਜੇਲ੍ਹ ਵਿਚ ਕੀਤੀ ਜਾ ਰਹੀ ਬਦਸਲੂਕੀ ਦੇ ਵਿਰੁੱਧ ਪਰੋਟੈਸਟ ਕਰਨ ਲਈ ਉਨ੍ਹਾਂ 15 ਜੂਨ, 1929 ਨੂੰ ਭੁੱਖ ਹੜਤਾਲ ਕਰ ਦਿੱਤੀ । ਉਸ ਦੀਆਂ ਮੰਗਾਂ ਸਨ :

1. ਰਾਜਸੀ ਕੈਦੀਆਂ ਨੂੰ ਸਪੈਸ਼ਲ ਖੁਰਾਕ ਦਿੱਤੀ ਜਾਵੇ ।
2. ਲਾਜ਼ਮੀ ਮੁਸ਼ੱਕਤ ਨਾ ਕਰਵਾਈ ਜਾਵੇ ।
3. ਨਹਾਉਣ-ਧੋਣ ਦੀ ਸਾਮੱਗਰੀ ਦਿੱਤੀ ਜਾਵੇ ।
4. ਹਰ ਪ੍ਰਕਾਰ ਦਾ ਸਾਹਿਤ ਪਹੁੰਚਾਇਆ ਜਾਵੇ ।

ਇਹ ਭੁੱਖ ਹੜਤਾਲ ਇਕ ਅਦੁੱਤੀ ਸੰਘਰਸ਼ ਸਿੱਧ ਹੋਈ । ਭਗਤ ਸਿੰਘ 84 ਦਿਨਾਂ ਤਕ ਭੁੱਖ ਹੜਤਾਲ ਤੇ ਰਿਹਾ । ਪਰ ਜਤਿੰਦਰ ਨਾਥ ਦਾਸ ਭੁੱਖ ਹੜਤਾਲ ਵਿਚ ਹੀ ਚੜ੍ਹਾਈ ਕਰ ਗਿਆ । ਭਗਤ ਸਿੰਘ ਤੇ ਬੀ.ਕੇ. ਦੱਤ ਨੇ ਆਪਣੇ ਲਈ ਕੋਈ ਸਪੈਸ਼ਲ ਖੁਰਾਕ ਨਾ ਪ੍ਰਵਾਨ ਕੀਤੀ । ਪਰ ਇਸ ਗੱਲ ਤੇ ਜ਼ੋਰ ਦਿੱਤਾ ਕਿ ਰਾਜਸੀ ਕੈਦੀਆਂ ਨਾਲ ਚੰਗੇਰੇ ਵਿਹਾਰ ਬਾਰੇ ਕੋਈ ਇਕਸਾਰ ਕਾਨੂੰਨ ਬਣਾਇਆ ਜਾਵੇ । ਉਨ੍ਹਾਂ ਨੇ ਜਬਰੀ ਖੁਰਾਕ ਲੈਣੋਂ ਇਨਕਾਰ ਕਰ ਦਿੱਤਾ । ਜਤਿੰਦਰ ਨਾਥ ਦਾਸ ਸ਼ਹੀਦੀ ਪ੍ਰਾਪਤ ਕਰ ਗਿਆ, ਪਰ ਇਨ੍ਹਾਂ ਨੌਜਵਾਨਾਂ ਦੀ ਕੁਰਬਾਨੀ ਨੇ ਦੇਸ਼ ਵਿਚ ਜੋਸ਼ ਪੈਦਾ ਕਰ ਦਿੱਤਾ । ਪੰਡਿਤ ਮੋਤੀ ਲਾਲ ਨਹਿਰੂ ਤੇ ਪੰਡਿਤ ਮਦਨ ਮੋਹਨ ਮਾਲਵੀ ਵਰਗੇ ਬਜ਼ੁਰਗ ਲੀਡਰਾਂ ਨੇ ਵੀ ਇਨ੍ਹਾਂ ਗਭਰੂਆਂ ਦੇ ਹੌਂਸਲੇ ਦੀ ਪ੍ਰਸ਼ੰਸਾ ਕੀਤੀ । ਬਾਹਰ ਦੇ ਦੇਸ਼ਾਂ ਵਿਚ ਵਸਦੇ ਕ੍ਰਾਂਤੀਕਾਰੀਆਂ ਨੇ ਵੀ ਇਨ੍ਹਾਂ ਨੂੰ ਸਲਾਹਿਆ ।

## ਮੁਕੱਦਮਾ ਤੇ ਸ਼ਹੀਦੀ

ਲਾਹੌਰ ਸਾਜ਼ਿਸ਼ ਕੇਸ, ਜਿਸ ਵਿਚ ਮੁੱਖ ਦੋਸ਼ ਸਾਂਡਰਸ ਦਾ ਕਤਲ ਸੀ, 10 ਜੁਲਾਈ, 1929 ਨੂੰ ਆਰੰਭ ਹੋਇਆ । ਇਸ ਸੰਬੰਧ ਵਿਚ ਕਈ ਨੇਤਾ ਹਿਰਾਸਤ ਵਿਚ

ਲਏ ਹੋਏ ਸਨ । ਮੁੱਖ ਮੁਲਜ਼ਮ ਸਨ—ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ । ਜੇ.ਐਨ. ਸਨਿਆਲ, ਬੀ.ਕੇ. ਦੱਤ ਤੇ ਹੋਰ ਕਈ ਮੁਲਜ਼ਮ ਵੀ ਲਿਸਟ ਵਿਚ ਸ਼ਾਮਲ ਸਨ । ਮੁਕੱਦਮਾ ਇਕ ਸਪੈਸ਼ਲ ਟ੍ਰਿਬਿਊਨਲ ਦੇ ਸਾਹਮਣੇ ਪੇਸ਼ ਹੋਇਆ । ਇਹ ਇਕ ਅਜਿਹਾ ਮੁਕੱਦਮਾ ਸੀ ਜਿਸ ਨੇ ਸਾਰੇ ਦੇਸ਼ ਦੀ ਆਤਮਾ ਨੂੰ ਝੰਜੋੜ ਦਿੱਤਾ । ਮੁਕੱਦਮਾ ਲਾਹੌਰ ਸੈਂਟ੍ਰਲ ਜੇਲ੍ਹ ਵਿਚ ਚਲਾਇਆ ਜਾ ਰਿਹਾ ਸੀ ਤੇ ਪੂਰੇ ਰੱਖਿਆ ਦੇ ਬੜੇ ਕਰੜੇ ਬੰਦੋਬਸਤ ਸਨ । ਇਸ ਕੇਸ ਵਿਚ ਵੀ ਮੁਲਜ਼ਮਾਂ ਨੇ ਮੁਕੱਦਮੇ ਦੀ ਕਾਰਵਾਈ ਨਾਲ ਸੰਬੰਧਿਤ ਹੋਣ ਤੋਂ ਇਨਕਾਰ ਕਰ ਦਿੱਤਾ । ਭਗਤ ਸਿੰਘ ਦੇ ਪਿਤਾ ਨੇ ਇਹ ਕਹਿ ਕੇ ਸਫ਼ਾਈ ਪੇਸ਼ ਕਰਨੀ ਚਾਹੀ ਕਿ ਸਾਂਡਰਸ ਦੇ ਕਤਲ ਦੇ ਦਿਨ ਭਗਤ ਸਿੰਘ ਲਾਹੌਰ ਵਿਚ ਨਹੀਂ ਸੀ । ਪਰ ਭਗਤ ਸਿੰਘ ਨੇ ਉਰਦੂ ਵਿਚ ਲਿਖੀ ਇਕ ਚਿੱਠੀ ਰਾਹੀਂ ਅਜਿਹੀ ਸਫ਼ਾਈ ਪੇਸ਼ ਕਰਨ ਤੋਂ ਇਨਕਾਰ ਕਰ ਦਿੱਤਾ । ਆਪਣੇ ਪਿਤਾ ਨੂੰ ਲਿਖੇ ਇਸ ਖ਼ਤ ਦੇ ਕੁਝ ਹਿੱਸੇ ਇਉਂ ਹਨ :

''ਮੁਕੱਦਮੇ ਦੇ ਸ਼ੁਰੂ ਤੋਂ ਹੀ ਮੈਂ ਇਹ ਨਿਸ਼ਚਾ ਕੀਤਾ ਹੋਇਆ ਸੀ ਕਿ ਮੁਕੱਦਮੇ ਬਾਰੇ ਬਿਲਕੁਲ ਬੇਪਰਵਾਹੀ ਰਖਣੀ ਹੈ, ਭਾਵੇਂ ਮੇਰੇ ਵਿਰੁੱਧ ਬੜੇ ਸੰਗੀਨ ਇਲਜ਼ਾਮ ਲਾਏ ਗਏ ਹਨ । ਮੇਰੀ ਹਮੇਸ਼ਾਂ ਇਹ ਰਾਇ ਰਹੀ ਹੈ ਕਿ ਰਾਜਸੀ ਸੰਗਰਾਮੀਆਂ ਨੂੰ ਅਦਾਲਤਾਂ ਵਿਚ ਚਲ ਰਹੇ ਕਾਨੂੰਨੀ ਸੰਘਰਸ਼ਾਂ ਵੱਲੋਂ ਬਿਲਕੁਲ ਬੇਪਰਵਾਹ ਰਹਿਣਾ ਚਾਹੀਦਾ ਹੈ ਅਤੇ ਅਦਾਲਤ ਵੱਲੋਂ ਮਿਲੀ ਭਾਰੀ ਤੋਂ ਭਾਰੀ ਸਜ਼ਾ ਨੂੰ ਵੀ ਦਲੇਰੀ ਨਾਲ ਸਹਾਰਨਾ ਚਾਹੀਦਾ ਹੈ । ਜੇ ਉਹ ਆਪਣੀ ਸਫ਼ਾਈ ਦਾ ਵੀ ਕੋਈ ਯਤਨ ਕਰਨ ਤਾਂ ਇਹ ਵੀ ਸਿਰਫ਼ ਰਾਜਸੀ ਆਸ਼ੇ ਨਾਲ ਹੋਣਾ ਚਾਹੀਦਾ ਹੈ ਤੇ ਕਦੇ ਵੀ ਕਿਸੇ ਜ਼ਾਤੀ ਨਜ਼ਰੀਏ ਤੋਂ ਨਹੀਂ ਹੋਣਾ ਚਾਹੀਦਾ । ਸਾਡੀ ਨੀਤੀ ਸਦਾ ਇਸ ਸਿਧਾਂਤ ਦੇ ਅਨੁਕੂਲ ਰਹੀ ਹੈ । ਕੀ ਅਸੀਂ ਇਸ ਵਿਚ ਸਫ਼ਲ ਰਹੇ ਹਾਂ ਜਾਂ ਨਹੀਂ ? ਇਸ ਬਾਰੇ ਮੈਂ ਕੋਈ ਰਾਇ ਦੇਣ ਲਈ ਤਿਆਰ ਨਹੀਂ । ਅਸੀਂ ਸਦਾ ਹੀ ਬੜੀ ਨਿਸ਼ਕਾਮਤਾ ਨਾਲ ਆਪਣਾ ਫ਼ਰਜ਼ ਨਿਭਾਉਂਦੇ ਰਹੇ ਹਾਂ ।''

''ਮੇਰਾ ਜੀਵਨ ਇਨਾ ਕੀਮਤੀ ਨਹੀਂ ਜਿਨਾ ਸ਼ਾਇਦ ਤੁਸੀਂ ਸਮਝਦੇ ਹੋ । ਘੱਟੋ ਘੱਟ ਮੇਰੇ ਲਈ ਤਾਂ ਇਹ ਇਨਾ ਬਹੁਮੁੱਲਾ ਨਹੀਂ । ਇਹ ਜੀਵਨ ਸਿਧਾਂਤਾਂ ਦੀ ਕੁਰਬਾਨੀ ਦੇ ਕੇ ਬਚਾਉਣ ਦੇ ਯੋਗ ਨਹੀਂ । ਮੇਰੇ ਹੋਰ ਸਾਥੀ ਵੀ ਹਨ ਜਿਨ੍ਹਾਂ ਦਾ ਕੇਸ ਇਨਾ ਹੀ ਗੰਭੀਰ ਹੈ, ਜਿਨਾ ਮੇਰਾ । ਅਸਾਂ ਇਕ ਸਾਂਝੀ ਨੀਤੀ ਅਪਣਾਈ ਹੋਈ ਹੈ, ਅਤੇ ਹੁਣ ਤਕ ਅਸੀਂ ਇਕ ਦੂਜੇ ਦੇ ਨਾਲ ਡੱਟ ਕੇ ਖੜੇ ਰਹੇ ਹਾਂ, ਅਤੇ ਅਸੀਂ ਅੰਤਿਮ ਸਵਾਸਾਂ ਤਕ ਇਵੇਂ ਹੀ ਖੜੇ ਰਹਾਂਗੇ, ਭਾਵੇਂ ਸਾਨੂੰ ਇਕੱਲੇ ਇਕੱਲੇ ਨੂੰ ਇਸ ਦਾ ਕਿੰਨਾ ਹੀ ਮਹਿੰਗਾ ਮੁੱਲ ਤਾਰਨਾ ਪਵੇ ।

''ਪਿਤਾ ਜੀ, ਮੈਂ ਬੜਾ ਬੇਚੈਨ ਹਾਂ । ਮੈਨੂੰ ਡਰ ਹੈ ਕਿ ਮੈਂ ਸ਼ਾਇਦ ਸ਼ਿਸ਼ਟਾਚਾਰ ਦੇ ਸਾਧਾਰਣ ਨਿਯਮਾਂ ਦੀ ਉਲੰਘਣਾ ਕਰ ਜਾਵਾਂ ਅਤੇ ਤੁਹਾਡੇ ਇਸ ਇਰਾਦੇ ਦਾ ਵਿਰੋਧ, ਸਗੋਂ ਨਿਖੇਧੀ ਕਰਦਿਆਂ ਮੈਂ ਸ਼ਾਇਦ ਕੁਝ ਕੌੜੇ ਸ਼ਬਦ ਵਰਤ ਜਾਵਾਂ । ਮੈਂ ਸਪੱਸ਼ਟ ਸ਼ਬਦਾਂ ਵਿਚ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਇਉਂ ਜਾਪਦਾ ਹੈ, ਜਿਵੇਂ ਕਿਸੇ ਨੇ ਮੇਰੀ

ਪਿੰਡ ਵਿਚ ਛੁਰਾ ਖੋਭ ਦਿੱਤਾ ਹੋਵੇ। ਜੇ ਕਿਸੇ ਹੋਰ ਨੇ ਇਹ ਕੰਮ ਕੀਤਾ ਹੁੰਦਾ ਤਾਂ ਮੈਂ ਇਸ ਨੂੰ ਆਪਣੇ ਨਾਲ ਧ੍ਰੋਹ ਤੋਂ ਬਿਨਾਂ ਕੁਝ ਹੋਰ ਨਾ ਸਮਝਦਾ। ਪਰ ਤੁਹਾਡੇ ਸੰਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਕਮਜ਼ੋਰੀ ਹੈ, ਤੇ ਬੜੀ ਨਿੱਘਰੀ ਹੋਈ ਕਮਜ਼ੋਰੀ ਹੈ।"

ਟ੍ਰਿਬਿਊਨਲ ਨੇ ਕਈਆਂ ਗਵਾਹੀਆਂ ਦੇ ਅਧੀਨ ਸਜ਼ਾ ਸੁਣਾਈ। ਭਗਤ ਸਿੰਘ ਉਦੋਂ ਅਦਾਲਤ ਵਿਚ ਹਾਜ਼ਰ ਨਹੀਂ ਸੀ। ਉਹਨੂੰ ਮੌਤ ਦੀ ਸਜ਼ਾ ਦੀ ਖ਼ਬਰ ਜੇਲਰ ਨੇ ਦਿੱਤੀ। ਭਗਤ ਸਿੰਘ ਨੇ ਸ਼ਾਂਤੀ ਨਾਲ ਸਜ਼ਾ ਸੁਣੀ ਤੇ ਉਹ ਪ੍ਰਸੰਨ ਰਿਹਾ। ਰਾਜਗੁਰੂ ਤੇ ਸੁਖਦੇਵ ਨੂੰ ਵੀ ਉਹਦੇ ਨਾਲ ਹੀ ਉਹੋ ਸਜ਼ਾ ਸੁਣਾਈ ਗਈ। ਉਹ ਤਿੰਨੇ ਹੀ, ਸੁਤੰਤਰਤਾ ਪ੍ਰਾਪਤੀ ਦੇ ਪਵਿੱਤਰ ਜਜ਼ਬੇ ਦੇ ਅਧੀਨ, ਕਾਲ ਕੋਠੜੀਆਂ ਵਿਚ, ਮੌਤ ਦੀ ਉਡੀਕ ਕਰਦੇ ਰਹੇ।

ਇਸ ਦੌਰਾਨ ਸਾਰੇ ਦੇਸ਼ ਵਿਚ ਇਨ੍ਹਾਂ ਬਹਾਦੁਰ ਨੌਜਵਾਨਾਂ ਦੀ ਸਜ਼ਾ ਘੱਟ ਕਰਾਉਣ ਲਈ ਅੰਦੋਲਨ ਹੁੰਦਾ ਰਿਹਾ। ਪਰ ਉਨ੍ਹਾਂ ਨੇ ਆਪਣੇ ਵਲੋਂ ਅਜਿਹੀ ਕੋਈ ਦਰਖਾਸਤ ਨਾ ਕੀਤੀ। ਪੰਡਿਤ ਮਦਨ ਮੋਹਨ ਮਾਲਵੀ ਨੇ ਵਾਇਸਰਾਇ ਨੂੰ ਬੇਨਤੀ ਕੀਤੀ ਕਿ ਉਹ ਰਹਿਮ ਵਜੋਂ ਸਜ਼ਾ ਘਟਾਉਣ ਦੇ ਆਪਣੇ ਅਧਿਕਾਰਾਂ ਦੀ ਵਰਤੋਂ ਕਰੇ। ਲੋਕਾਂ ਵੱਲੋਂ ਇਸੇ ਵਿਸ਼ੇ ਦੀਆਂ ਲੱਖਾਂ ਹੀ ਤਾਰਾਂ ਬਰਤਾਨਵੀ ਵਜ਼ੀਰਾਂ ਤੇ ਵਾਇਸਰਾਇ ਨੂੰ ਭੇਜੀਆਂ ਗਈਆਂ। ਇਕ ਨੁੱਕਰ ਤੋਂ ਦੂਜੀ ਨੁੱਕਰ ਤਕ ਸਾਰਾ ਦੇਸ਼ ਜੱਦੋ-ਜਹਿਦ ਕਰ ਰਿਹਾ ਸੀ। ਪਰ ਇਹ ਨੌਜਵਾਨ ਯੋਧਿਆਂ ਵਾਲੀ ਸ਼ਾਂਤੀ ਨਾਲ ਫਾਂਸੀ ਦੀ ਉਡੀਕ ਕਰਦੇ ਰਹੇ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਜਾਣਗੀਆਂ ਸਗੋਂ ਇਹ ਕੰਮ ਨੂੰ ਹੋਰ ਸੰਘਰਸ਼ ਲਈ ਵੰਗਾਰਨਗੀਆਂ। ਸਰਕਾਰ ਉਸ ਵੇਲੇ ਗੋਰਾ ਨੌਕਰਸ਼ਾਹੀ ਅਤੇ ਪੁਲਿਸ ਦੇ ਦਬਾ ਹੇਠ ਸੀ, ਇਸ ਲਈ ਉਸ ਦਾ ਇਸ ਮਾਮਲੇ ਵਿਚ ਨਰਮੀ ਵਰਤਣ ਦਾ ਇਰਾਦਾ ਨਹੀਂ ਸੀ। ਕਿਉਂਕਿ ਅਚਾਨਕ ਇਨਕਲਾਬੀ ਅੰਦੋਲਨ ਭੜਕ ਉਠਣ ਦਾ ਡਰ ਸੀ, ਇਸ ਲਈ ਫੈਸਲਾ ਕੀਤਾ ਗਿਆ ਕਿ ਉਨ੍ਹਾਂ ਨੂੰ ਲੁਕ-ਛਿਪ ਕੇ ਰਾਤ ਨੂੰ ਫਾਂਸੀ ਲਾ ਦਿੱਤੀ ਜਾਵੇ। ਇਹ ਜੇਲ੍ਹ ਦੇ ਨਿਯਮਾਂ ਦੇ ਵਿਰੁੱਧ ਸੀ, ਪਰ ਬੌਂਦੀ ਹੋਈ ਨੌਕਰਸ਼ਾਹੀ ਨੂੰ ਕੋਈ ਇਨਸਾਨੀਅਤ ਵਾਲਾ ਢੰਗ ਸੁਝਦਾ ਹੀ ਨਹੀਂ ਸੀ। ਜੇਲ੍ਹ ਦੇ ਸਾਰੇ ਕੈਦੀਆਂ ਨੂੰ ਆਪੋ ਆਪਣੀਆਂ ਕੋਠੜੀਆਂ ਵਿਚ ਬੰਦ ਕਰਨ ਪਿਛੋਂ, ਰਾਤ ਨੂੰ, ਇਨ੍ਹਾਂ ਤਿੰਨਾਂ ਨੂੰ ਫਾਂਸੀ ਦੇ ਤਖਤੇ ਲਈ ਤਿਆਰ ਕੀਤਾ ਗਿਆ। ਉਹ ਨਾਅਰੇ ਲਾਉਂਦੇ ਹੋਏ ਨਿਕਲੇ :

"ਇਨਕਲਾਬ, ਜ਼ਿੰਦਾਬਾਦ", "ਯੂਨੀਅਨ ਜੈਕ, ਮੁਰਦਾਬਾਦ", "ਕੌਮੀ ਝੰਡੇ ਦੀ ਜੈ", "ਬਰਤਾਨਵੀ ਸਾਮਰਾਜਵਾਦ, ਮੁਰਦਾਬਾਦ"।

ਕੋਠੜੀਆਂ ਵਿਚ ਬੰਦ ਕੈਦੀ ਵੀ ਜਵਾਬ ਵਿਚ ਇਹੋ ਨਾਅਰੇ ਲਾਉਂਦੇ ਰਹੇ। ਇਸ ਤੋਂ ਪਹਿਲਾਂ ਇਨ੍ਹਾਂ ਤਿੰਨਾਂ ਨੇ ਸਰਕਾਰ ਨੂੰ ਪ੍ਰਾਰਥਨਾ ਕੀਤੀ ਸੀ ਕਿ, "ਕਿਉਂਕਿ ਅਸਾਂ ਬਰਤਾਨਵੀ ਸਰਕਾਰ ਦੇ ਵਿਰੁੱਧ ਬਗਾਵਤ ਕੀਤੀ ਸੀ ਇਸ ਲਈ ਸਾਨੂੰ ਗੋਲੀ ਮਾਰ ਕੇ ਉਡਾਇਆ ਜਾਵੇ।" ਨਿਸੰਦੇਹ ਹੀ ਉਨ੍ਹਾਂ ਦੀ ਇਹ ਪ੍ਰਾਰਥਨਾ ਰੱਦ ਕਰ ਦਿੱਤੀ ਗਈ।

ਉਨ੍ਹਾਂ ਨੂੰ ਫਾਂਸੀ ਚੜ੍ਹਾਉਣ ਪਿਛੋਂ ਉਨ੍ਹਾਂ ਦੀਆਂ ਲਾਸ਼ਾਂ, ਅੰਧੀ ਰਾਤ ਵੇਲੇ, ਸਤਲੁਜ ਦੇ ਕੰਢੇ ਤੇ ਲਿਜਾਈਆਂ ਗਈਆਂ ਅਤੇ ਉਥੇ ਉਨ੍ਹਾਂ ਦਾ ਸਸਕਾਰ ਕਰਕੇ ਫੁੱਲ ਤੇ ਚਿਤਾਵਾਂ ਦੀ ਸਵਾਹ ਦਰਿਆ ਵਿਚ ਰੋੜ੍ਹ ਦਿੱਤੀ ਗਈ। ਜਾਪਦਾ ਹੈ ਕਿ ਇਸ ਅਵਸਰ ਤੇ ਮ੍ਰਿਤਕ ਸਰੀਰਾਂ ਲਈ ਕੋਈ ਆਦਰ ਵਾਲਾ ਵਿਹਾਰ ਨਾ ਕੀਤਾ ਗਿਆ ਤੇ ਹਿੰਦੂ ਪੰਡਿਤ ਤੇ ਸਿੱਖ ਗ੍ਰੰਥੀ ਕੋਲੋਂ ਝੂਠੇ ਬਿਆਨ ਪ੍ਰਾਪਤ ਕੀਤੇ ਗਏ ਕਿ ਉਨ੍ਹਾਂ ਨੇ ਅੰਤਿਮ ਸੰਸਕਾਰ ਕੀਤਾ ਹੈ।

ਇਨ੍ਹਾਂ ਸੂਰਬੀਰਾਂ ਦੇ ਸੋਗ ਵਿਚ ਡੁੱਬੀ ਸਾਰੀ ਕੌਮ ਕ੍ਰੋਧ ਨਾਲ ਉਬਲ ਰਹੀ ਸੀ। ਇਸ ਤੋਂ ਥੋੜ੍ਹਾ ਹੀ ਚਿਰ ਪਿਛੋਂ ਕਰਾਚੀ ਵਿਚ ਕਾਂਗਰਸ ਦਾ ਇਜਲਾਸ ਹੋਇਆ, ਅਤੇ ਭਾਵੇਂ ਇਨ੍ਹਾਂ ਨੌਜਵਾਨਾਂ ਦਾ ਸੁਤੰਤਰਤਾ ਸੰਘਰਸ਼ ਕਾਂਗਰਸ ਦੀ ਅਹਿੰਸਾਵਾਦੀ ਨੀਤੀ ਦੇ ਅਨੁਕੂਲ ਨਹੀਂ ਸੀ, ਪਰ ਉਨ੍ਹਾਂ ਦੇ ਮਾਤਭੂਮੀ ਲਈ ਕੁਰਬਾਨੀ ਦੇ ਜਜ਼ਬੇ ਕਰਕੇ, ਅਤੇ ਕੌਮ ਦੇ ਦਿਲ ਵਿਚ ਇਨ੍ਹਾਂ ਸੂਰਮਿਆਂ ਲਈ ਸ਼ਰਧਾ ਨੂੰ ਧਿਆਨ ਵਿਚ ਰਖਦਿਆਂ, ਕਾਂਗਰਸ ਨੇ ਇਕ ਰੈਜ਼ੂਲੇਸ਼ਨ ਰਾਹੀਂ ਇਨ੍ਹਾਂ ਨੂੰ ਬੜੀ ਅਸਾਧਾਰਣ ਸ਼ਰਧਾਂਜਲੀ ਪੇਸ਼ ਕੀਤੀ। ਰੈਜ਼ੂਲੇਸ਼ਨ ਇਹ ਸੀ :

"ਭਾਵੇਂ ਇਹ ਕਾਂਗਰਸ ਕਿਸੇ ਪ੍ਰਕਾਰ ਦੇ ਵੀ ਰਾਜਸੀ ਤਸ਼ੱਦਦ ਨੂੰ ਸਵੀਕਾਰ ਨਹੀਂ ਕਰਦੀ ਅਤੇ ਹਿੰਸਾ ਦੀ ਵਰਤੋਂ ਦੀ ਨਿਖੇਧੀ ਕਰਦੀ ਹੈ, ਪਰ ਫੇਰ ਵੀ ਕਾਂਗਰਸ ਭਗਤ ਸਿੰਘ ਤੇ ਉਸ ਦੇ ਸਾਥੀਆਂ—ਸੁਖਦੇਵ ਤੇ ਰਾਜਗੁਰੂ—ਦੀ ਵੀਰਤਾ ਤੇ ਕੁਰਬਾਨੀ ਦੀ ਪ੍ਰਸ਼ੰਸਾ ਕਰਦੀ ਹੈ ਅਤੇ ਇਨ੍ਹਾਂ ਸ਼ਹੀਦ ਦੇ ਪਰਿਵਾਰਾਂ ਦੇ ਨਾਲ ਹੀ ਇਨ੍ਹਾਂ ਦੀ ਮੌਤ ਉਤੇ ਡੂੰਘਾ ਦੁੱਖ ਮਹਿਸੂਸ ਕਰਦੀ ਹੈ। ਕਾਂਗਰਸ ਦੀ ਇਹ ਰਾਇ ਹੈ ਕਿ ਇਨ੍ਹਾਂ ਤਿੰਨਾਂ ਨੂੰ ਬਦਲੇ ਦੀ ਹੋਛੀ ਭਾਵਨਾ ਅਧੀਨ ਫ਼ਾਂਸੀ ਚੜ੍ਹਾਇਆ ਗਿਆ ਹੈ, ਅਤੇ ਇਹ ਕੁਕਰਮ ਕਰਦਿਆਂ ਸਾਰੀ ਕੌਮ ਦੀ, ਘਟਾਉਣ ਸੰਬੰਧੀ ਇਕ ਮੱਤ ਪ੍ਰਾਰਥਨਾ ਦੀ ਕੋਈ ਪਰਵਾਹ ਨਹੀਂ ਕੀਤੀ ਗਈ। ਕਾਂਗਰਸ ਦੀ ਇਹ ਵੀ ਰਾਇ ਹੈ ਕਿ ਗੌਰਮਿੰਟ ਨੇ ਦੋਹਾਂ ਕੌਮਾਂ ਵਿਚਾਲੇ ਸਦਭਾਵਨਾ ਪੈਦਾ ਕਰਨ ਦਾ ਇਕ ਸੁਨਹਿਰੀ ਅਵਸਰ ਗੁਆ ਦਿੱਤਾ ਹੈ, ਜਦੋਂ ਕਿ ਅਜਿਹੀ ਸਦਭਾਵਨਾ ਦੀ ਇਸ ਸਮੇਂ ਬੜੀ ਲੋੜ ਸੀ। ਨਾਲ ਹੀ ਜਿਹੜੀ ਪਾਰਟੀ ਨਿਰਾਸਤਾ ਕਾਰਣ ਰਾਜਸੀ ਹਿੰਸਾ ਵਾਲਾ ਵਤੀਰਾ ਧਾਰਨ ਕਰਨ ਲਈ ਮਜਬੂਰ ਹੋ ਗਈ ਸੀ, ਇਸ ਸਮੇਂ ਉਸ ਦੀ ਹਮਦਰਦੀ ਪ੍ਰਾਪਤ ਕਰਨ ਦਾ ਬੜਾ ਚੰਗਾ ਮੌਕਾ ਸੀ।"

ਭਗਤ ਸਿੰਘ ਸਾਡੇ ਦੇਸ਼ ਦੇ ਕ੍ਰਾਂਤੀਕਾਰੀਆਂ ਵਿਚੋਂ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਨੌਜਵਾਨ ਸੀ। ਉਸ ਨੇ ਸਾਰੀ ਕੌਮ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਉਹਦੀ ਧਾਰਨਾ ਜਨਤਾ ਲਈ ਇਕ ਆਦਰਸ਼ ਬਣ ਗਈ ਤੇ ਲੋਕਾਂ ਨੇ ਦੇਸ਼ ਨੂੰ ਸੁਤੰਤਰ ਕਰਾਉਣ ਦਾ ਨਿਸ਼ਚਾ ਕਰ ਲਿਆ। ਜਿਥੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ ਉਹ ਥਾਂ ਪਵਿੱਤਰ ਮੰਨੀ ਜਾਣ ਲੱਗ ਪਈ। ਉਥੇ ਇਕ ਯਾਦਗਾਰ ਉਸਾਰੀ ਗਈ, ਪਰ ਇਹ 1971 ਦੀ ਲੜਾਈ ਵਿਚ ਪਾਕਿਸਤਾਨੀਆਂ ਨੇ ਤਬਾਹ ਕਰ ਦਿੱਤੀ। ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਚ ਉਹਦਾ ਬੁੱਤ ਸਥਾਪਿਤ ਕੀਤਾ ਗਿਆ। ਹੁਣੇ ਹੁਣੇ ਹੀ ਭਗਤ ਸਿੰਘ ਦੀ ਮਾਤਾ, ਸ੍ਰੀਮਤੀ ਵਿਦਿਆ ਵਤੀ, ਨੂੰ ਪੰਜਾਬ ਸਰਕਾਰ ਨੇ ਸਨਮਾਨਿਆ ਹੈ। ਦੇਸ਼ ਦੇ ਇਨ੍ਹਾਂ

ਸੂਰਬੀਰ ਸਪੂੱਤਾਂ ਦੀ ਯਾਦ ਕਾਇਮ ਰਖਣ ਲਈ ਇਹ ਸਭ ਕੁਝ ਕਰਨਾ ਹੀ ਚਾਹੀਦਾ ਸੀ। ਸਾਰੀ ਕੌਮ ਭਗਤ ਸਿੰਘ ਦੀ ਕੁਰਬਾਨੀ ਦਾ ਸਤਿਕਾਰ ਕਰਦੀ ਹੈ ਤੇ ਸਦਾ ਕਰਦੀ ਰਹੇਗੀ।

ਪਹਿਲੀ ਵਾਰ : 1100
ਮੁੱਲ : 3-50

[illegible] ਸਿੰਘ, ਐਮ.ਐਸ.ਸੀ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ
ਅਤੇ [illegible], ਪਟਿਆਲਾ ਦੁਆਰਾ ਮੁਦ੍ਰਿਤ।